# ਨਵੇਂ ਅਤੇ ਪੁਰਾਣੇ ਨੇਮ ਵਿੱਚੋਂ ਬਾਈਬਲ ਕਹਾਣੀਆਂ ਅਤੇ ਬਾਈਬਲ ਦੇ ਹਵਾਲਿਆਂ ਨਾਲ ਜੁੜੀਆਂ ਸਿੱਖਿਆਵਾਂ

ਪ੍ਰਾਚੀਨ ਪਿਉ ਦਾਦਿਆਂ ਦੇ ਸਮੇਂ ਦੌਰਾਨ ਅਤੇ ਬਾਅਦ ਵਿੱਚ ਹੋਣ ਵਾਲੀਆਂ
ਮਿਲਦੀਆਂ ਜੁਲਦੀਆਂ ਇਤਿਹਾਸਿਕ ਘਟਨਾਵਾਂ ਅਤੇ ਸੰਬੰਧਿਤ ਸਿੱਖਿਆਵਾਂ

**ਸਰਿਸ਼ਟੀ** (ਵਿਸ਼ਾ: ਬਾਈਬਲ ਦੀਆਂ ਸਿੱਖਿਆਵਾਂ: ਪਰਮੇਸ਼ੁਰ ਦੀ ਨਵੀਂ ਸਰਿਸ਼ਟ, ਨਵਾਂ ਜਨਮ ਅਤੇ ਦੁਬਾਰਾ ਜਨਮ)

*ਪੁਰਾਣਾ ਨੇਮ*: ਪਰਮੇਸ਼ੁਰ ਨੇ ਸਰੀਰਿਕ, ਅਸਥਾਈ ਸੰਸਾਰ ਨੂੰ ਉਤਪਤ ਕੀਤਾ, ਉਤਪਤ 1-2

*ਨਵਾਂ ਨੇਮ*: ਪਰਮੇਸ਼ੁਰ ਨੇ ਆਪਣੀ ਨਵੀਂ ਸਰਿਸ਼ਟੀ ਸ਼ੁਰੂ ਕੀਤੀ, ਜੋ ਆਤਮਿਕ, ਸਦੀਪਕ ਅਤੇ ਪਾਪ ਤੋਂ ਬਿਨ੍ਹਾਂ ਹੈ। ਯਿਸੂ ਦੇ ਜੀ ਉੱਠਣ ਨੇ, ਜਿਸ ਵਿੱਚ ਲੋਕ ਭਾਗੀ ਹੁੰਦੇ ਹਨ, ਨਵੀਂ ਸਰਿਸ਼ਟੀ ਦੀ ਸ਼ੁਰੂਆਤ ਕੀਤੀ। ਮੱਤੀ 28

- ਇਹ ਨਵਾਂ ਆਕਾਸ਼ ਅਤੇ ਧਰਤੀ ਜਿਹੜਾ ਸਾਡਾ ਇੰਤਜ਼ਾਰ ਕਰ ਰਿਹਾ ਹੈ, ਉਸ ਨਾਲ ਸੰਪੂਰਨ ਹੋਵੇਗੀ, ਪਰਕਾਸ਼ ਦੀ ਪੋਥੀ 21-22
- ਅਸੀਂ ਇਸ ਵਿੱਚ ਦੁਬਾਰਾ ਪੈਦਾ ਹੋਏ ਹਾਂ (ਯਿਸੂ, ਨਿਕੁਦੇਮੁਸ ਨਾਲ), ਯੂਹੰਨਾ 3:1-7

*ਸਾਡਾ ਜਵਾਬ* : ਪੁਰਾਣੀ ਸਰਿਸ਼ਟੀ ਵਿੱਚ ਜਿਹੜੀਆਂ ਚੰਗੀਆਂ ਚੀਜ਼ਾਂ ਪਰਮੇਸ਼ੁਰ ਨੇ ਸਾਡੇ ਲਈ ਰਚੀਆਂ, ਉਨ੍ਹਾਂ ਲਈ ਧੰਨਵਾਦ ਕਰੋ।

- ਖੁਸ਼ੀ ਨਾਲ ਘੋਸ਼ਣਾ ਕਰੋ ਕਿ ਅਸੀਂ ਯਿਸੂ ਦੇ ਜਿਹੜਾ ਨਵੀਂ ਸਰਿਸ਼ਟੀ ਦਾ ਪਹਿਲਾ ਫਲ ਹੈ, ਉਸ ਦੇ ਜੀਅ ਉੱਠਣ ਦੇ ਭਾਗੀਦਾਰ ਹੋਣ ਦੁਆਰਾ ਪਰਮੇਸ਼ੁਰ ਦੀ ਨਵੀਂ ਆਤਮਿਕ ਅਤੇ ਸਦੀਪਕ ਸਰਿਸ਼ਟੀ ਵਿੱਚ ਦਾਖਲ ਹੁੰਦੇ ਹਾਂ, (1 ਕੁਰਿੰ. 15:2 ਕੁਰਿੰ. 5:17)। ਹੋਰ ਕੋਈ ਰਾਹ ਨਹੀਂ ਹੈ (ਯੂਹੰਨਾ 14:6)

**ਪਰਤਾਵਾ** (ਵਿਸ਼ਾ: ਅਸਲ ਪਾਪ, ਮੌਤ, ਆਦਮ, ਸ਼ੈਤਾਨ, ਯਿਸੂ ਨੇ ਸ਼ੈਤਾਨ ਅਤੇ ਮੌਤ ਨੂੰ ਹਰਾਇਆ)

*ਪੁਰਾਣਾ ਨੇਮ:* ਪਹਿਲੇ ਆਦਮ ਨੇ ਸ਼ੈਤਾਨ ਦੇ ਪਰਤਾਵੇ ਸਾਹਮਣੇ ਆਪਣੇ ਆਪ ਨੂੰ ਸੌਂਪ ਦਿੱਤਾ ਅਤੇ ਪਰਮੇਸ਼ੁਰ ਦੀ ਅਣਆਗਿਆਕਾਰੀ ਕੀਤੀ ਅਤੇ ਮਨੁੱਖ ਉੱਤੇ ਮੌਤ ਲਿਆਂਦੀ ਅਤੇ ਪਵਿੱਤਰ ਪਰਮੇਸ਼ੁਰ ਤੋਂ ਵੱਖਰਾਪਨ ।(ਅਸਲਉਓ ਪਾਪ): ਉਤ.3

*ਨਵਾਂ ਨੇਮ:* ਆਖ਼ਰੀ ਆਦਮ ਯਿਸੂ ਨੇ ਜੀਵਨ ਲਿਆਉਂਦਿਆਂ ਅਤੇ ਪਰਮੇਸ਼ੁਰ ਨਾਲ ਮਨੁੱਖ ਦਾ ਮੇਲ ਕਰਾਉਂਦਿਆਂ, ਸ਼ੈਤਾਨ ਦੇ ਪਰਤਾਵੇ ਨੂੰ ਠੁਕਰਾ ਦਿੱਤਾ:

- ਯਿਸੂ ਨੇ "ਆਖਰੀ ਆਦਮ" (1 ਕੁਰਿੰ. 15:45) ਸ਼ੈਤਾਨ ਦੇ ਪਰਤਾਵਿਆਂ ਦਾ ਸਾਹਮਣਾ ਕੀਤਾ ਮੱਤੀ 4 ਯਿਸੂ ਸਾਡੇ ਵਿੱਚ ਰਹਿੰਦਿਆਂ ਸਾਨੂੰ ਸ਼ੈਤਾਨ ਦਾ ਸਾਹਮਣਾ ਕਰਨ ਅਤੇ ਜਗਤ ਉੱਤੇ ਜਿੱਤ ਪਾਉਣ ਦੇ ਯੋਗ ਬਣਾਉਂਦਾ ਹੈ। ਯੂਹੰਨਾ 16-17
- ਯਿਸੂ ਨੇ ਗਥਸਮਨੀ ਵਿੱਚ, ਮੌਤ ਤੱਕ (ਸਭ ਤੋਂ ਵੱਡਾ ਪਰਤਾਵਾ) ਪਿਤਾ ਦੀ ਇੱਛਾ ਨੂੰ ਪੂਰਾ ਕੀਤਾ। ਮੱਤੀ 26:36-42

*ਸਾਡਾ ਜਵਾਬ:* ਪਰਮੇਸ਼ੁਰ ਅੱਗੇ ਆਪਣੇ ਪਾਪਾਂ ਦਾ ਇਕਰਾਰ ਅਤੇ ਤੋਬਾ ਕਰੀਏ (1 ਯੂਹੰਨਾ 1:8-10)।

- ਸ਼ੈਤਾਨ ਦਾ ਸਾਹਮਣਾ ਕਰੋ। ਪਵਿੱਤਰ ਆਤਮਾ ਦੀ ਸਮਰੱਥ ਵਿੱਚ ਪਰਮੇਸ਼ੁਰ ਦੇ ਹਥਿਆਰਾਂ ਦਾ ਪ੍ਰਯੋਗ ਕਰੋ (ਯਾਕੂਬ 4:7; ਅਫ਼. 6)।

**ਕਇਨ ਤੇ ਹਾਬਲ** (ਵਿਸ਼ਾ : ਲਹੂ ਦੀ ਕੁਰਬਾਨੀ, ਮਸੀਹ ਦਾ ਲਹੂ)

*ਪੁਰਾਣਾ ਨੇਮ :* ਪੁਰਾਣੇ ਨੇਮ ਦੀ ਅਰਾਧਨਾ ਵਿੱਚ ਨਿਰਦੋਸ਼ ਭੇਟ ਦਾ ਲਹੂ ਬਹਾਉਣ ਦੀ ਮੰਗ ਕੀਤੀ ਜਾਂਦੀ ਸੀ:

- ਪਹਿਲੇ ਕਾਤਿਲ ਕਇਨ ਨੇ ਹਾਬਲ ਦੀ ਹੱਤਿਆ ਕਰ ਦਿੱਤੀ, ਜਦੋਂ ਪਰਮੇਸ਼ੁਰ ਨੇ ਉਸਦੀ ਲਹੂ ਰਹਿਤ ਭੇਟ ਨੂੰ ਠੁਕਰਾ ਦਿੱਤਾ ਪਰ ਹਾਬਲ ਦੀ ਭੇਟ ਨੂੰ ਸਵਿਕਾਰ ਕਰ ਲਿਆ ਉਤ. 4
- ਪਰਮੇਸ਼ੁਰ ਨੇ ਮਹਾਂ ਜਾਜਕ ਦੇ ਪੁੱਤਰਾਂ ਨੂੰ ਮਾਰ ਸੁੱਟਿਆ, ਜਦੋਂ ਉਹ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਬਿਨ੍ਹਾਂ ਲਹੂ ਦੇ ਦਾਖਲ ਹੋਏ-ਲੇਵੀਆਂ 10

*ਨਵਾਂ ਨੇਮ:* ਨਵੇਂ ਨੇਮ ਦੀ ਅਰਾਧਨਾ ਵਿੱਚ "ਪਰਮੇਸ਼ੁਰ ਦਾ ਸਦੀਪਕ ਲੇਲਾ" ਮਸੀਹ ਦਾ ਲਹੂ ਸ਼ਾਮਿਲ ਹੈ:

- ਯਿਸੂ ਨੇ ਯਹੂਦੀਆਂ ਨੂੰ ਇਹ ਕਹਿ ਕੇ ਹੈਰਾਨ ਕਰ ਦਿੱਤਾ ਕਿ ਸਾਨੂੰ ਉਸਦਾ ਮਾਸ ਖਾਣਾ ਅਤੇ ਉਸਦਾ ਲਹੂ ਪੀਣਾ ਚਾਹੀਦਾ ਹੈ। ਯੂਹੰਨਾ 6:26-59
- ਯਿਸੂ ਨੇ ਸਾਮਰੀ ਤੀਵੀਂ ਨੂੰ ਕਿਹਾ ਕਿ ਸਾਨੂੰ ਪਰਮੇਸ਼ੁਰ ਦੀ ਅਰਾਧਨਾ ਆਤਮਾ ਅਤੇ ਸੱਚਾਈ ਵਿੱਚ ਕਰਨੀ ਚਾਹੀਦੀ ਹੈ। ਯੂਹੰਨਾ 4

*ਸਾਡਾ ਜਵਾਬ :* ਸਾਡੇ ਪਾਪਾਂ ਲਈ ਯਿਸੂ ਦੇ ਲਹੂ ਦੀ ਕੁਰਬਾਨੀ ਨੂੰ ਯਾਦ ਕਰਦਿਆਂ, ਪਰਮੇਸ਼ੁਰ ਦੀ ਅਰਾਧਨਾ ਸੱਚੇ ਦਿਲ ਨਾਲ ਕਰੋ (ਮੱਤੀ 26:26-28)।

- ਪ੍ਰਭੂ ਭੋਜ ਉਵੇਂ ਮਨਾਓ ਜਿਵੇਂ ਉਹ ਮੰਗ ਕਰਦਾ ਹੈ (1 ਕੁਰਿੰ. 10:16-17; 11:27-32)।
- ਅਸੀਂ ਆਪਣੇ ਬੁਲ੍ਹਾਂ ਨਾਲ ਤੱਦ ਤਕ ਉਸਤਤ ਕਰ ਸਕਦੇ ਹਾਂ, ਜਦ ਤੱਕ ਸਾਡਾ ਗਲ਼ਾ ਨਾ ਬੈਠ ਜਾਏ, ਪਰ ਜੇਕਰ ਅਸੀਂ ਉਸਦੀ ਆਗਿਆ ਨਹੀਂ ਮੰਨਦੇ ਤਾਂ ਸਾਡੀ ਉਸਤਤ ਵਿਅਰਥ ਹੈ (ਮੱਤੀ 15:6-9)।

**ਨੂਹ** (ਵਿਸ਼ਾ: ਜਲ ਪਰਲੋ, ਤੋਬਾ, ਸਜਾ, ਨਿਆਂ, ਦੂਜੀ ਮੌਤ)

*ਪੁਰਾਣਾ ਨੇਮ:* ਪਰਮੇਸ਼ੁਰ ਨੇ ਸਰੀਰਿਕ ਮੌਤ ਨਾਲ ਬੁਰੀ ਮਨੁੱਖ ਜਾਤੀ ਨੂੰ ਸਜ਼ਾ ਦੇਣ ਲਈ ਜਲ ਪਰਲੋ ਘੱਲੀ (ਨੂਹ), ਉਤ. 6-9

*ਨਵਾਂ ਨੇਮ:* ਪਰਮੇਸ਼ੁਰ 'ਦੂਜੀ ਮੌਤ' ਦੀ ਚੇਤਾਵਨੀ ਦੇਂਦਾ ਹੈ, ਜੇਕਰ ਅਸੀਂ ਤੋਬਾ ਕਰਨ ਵਿੱਚ ਅਸਫਲ ਹੋ ਜਾਈਏ-ਨਰਕ ਵਿੱਚ ਪਰਮੇਸ਼ੁਰ ਤੋਂ ਸਦੀਪਕ ਵੱਖਰਾਪਨ।

- ਯੂਹੰਨਾ ਬਪਤਿਸਮਾ ਦੇਣ ਵਾਲੇ ਨੇ ਮਨੁੱਖਾਂ ਨੂੰ ਤੋਬਾ ਕਰਨ, ਵਾਅਦਾ ਕੀਤੇ ਹੋਏ ਮਸੀਹ ਦੇ ਲਈ ਤਿਆਰ ਕਰਨ ਲਈ ਬੁਲਾਇਆ। ਮੱਤੀ 3
- ਜਿਹੜੇ ਪਾਪੀ ਲੋਕਾਂ ਨੇ ਤੋਬਾ ਨਹੀਂ ਕੀਤੀ, ਪਰਮੇਸ਼ੁਰ ਉਨ੍ਹਾਂ ਨੂੰ ਅੱਗ ਦੀ ਝੀਲ (ਆਖਰੀ ਨਿਆਂ ਅਤੇ 'ਦੂਜੀ ਮੌਤ') ਵਿੱਚ ਸਜਾ ਦੇਵੇਗਾ। ਪਰਕਾਸ਼ ਦੀ ਪੋਥੀ 20:11-15

*ਸਾਡਾ ਜਵਾਬ :* ਸਾਡੇ ਸਵਰਗੀ ਪਿਤਾ ਦੀ ਦਿਆਲਗੀ ਅਤੇ ਤਰਸ, ਸਾਡੀ ਅਗਵਾਈ ਤੋਬਾ ਵੱਲ ਕਰੇ (ਰੋਮੀਆਂ 2:4)।

- ਆਪਣੇ ਪਾਪਾਂ ਤੋਂ ਤੋਬਾ ਕਰੋ ਅਤੇ ਮਸੀਹ ਤੇ ਪਰਤੀਤ ਕਰੋ (ਮਰਕੁਸ 1:15)।

**ਬਾਬਲ** (ਵਿਸ਼ਾ: ਜਾਤੀਆਂ, ਸੱਭਿਆਚਾਰ, ਭਾਸ਼ਾਵਾਂ)

*ਪੁਰਾਣਾ ਨੇਮ:* ਪਰਮੇਸ਼ੁਰ ਨੇ ਵੱਖ-ਵੱਖ ਜਾਤੀਆਂ ਅਤੇ ਵੱਖ-ਵੱਖ ਸੱਭਿਆਚਾਰ ਬਾਬਲ ਦੇ ਬੁਰਜ ਸਮੇਂ ਬਣਾਏ:

- ਮਨੁੱਖਾਂ ਨੇ ਇਕੋ ਘਮੰਡੀ ਸਮਾਜ ਵਿੱਚ ਇਕ ਹੋ ਕੇ ਰਹਿਣ ਦੀ ਕੋਸ਼ਿਸ਼ ਕੀਤੀ। ਪਰਮੇਸ਼ੁਰ ਨੇ ਉਨ੍ਹਾਂ ਨੂੰ ਬਹੁਤ ਸਾਰੀਆਂ ਭਾਸ਼ਾਵਾਂ ਵਿੱਚ ਵੱਖਰਿਆਂ ਕਰ ਦਿੱਤਾ। ਉਤ. 10

*ਨਵਾਂ ਨੇਮ:* ਸਾਰੀਆਂ ਜਾਤੀਆਂ ਅਤੇ ਸੱਭਿਆਚਾਰ ਪਰਤਾਪ ਵਿੱਚ ਉਸਦੇ ਸਦੀਪਕ ਸਿੰਘਾਸਣ ਸਾਹਮਣੇ ਪਰਮੇਸ਼ੁਰ ਦੀ ਉਸਤਤ ਕਰਨਗੇ। ਪਰਕਾਸ਼ ਦੀ ਪੋਥੀ 7:9-17

*ਸਾਡਾ ਜਵਾਬ:* ਪਰਮੇਸ਼ੁਰ ਤੇ ਭਰੋਸਾ ਕਰੋ, ਨਾਂ ਕਿ ਮਨੁੱਖੀ ਰਾਜਨੀਤਿਕ ਸ਼ਕਤੀ ਤੇ (ਜ਼ਕਰਯਾਹ 4:6)।

- ਵੱਖ-ਵੱਖ ਜਾਤੀਆਂ ਅਤੇ ਸੱਭਿਆਚਾਰਾਂ ਦੀ ਪ੍ਰਸੰਸਾ ਕਰੋ, ਜਿਹੜੇ ਸਵਰਗ ਵਿੱਚ ਸਦੀਪਕ ਕਾਲ ਤੱਕ ਗ੍ਰਹਿਣਯੋਗ ਹਨ। ਉਨ੍ਹਾਂ ਦੀ ਪਰਮੇਸ਼ੁਰ ਦੁਆਰਾ ਦਿੱਤੀ ਹੋਈ ਕਿਸਮ 'ਮਸੀਹ ਦੀ ਦੁਲਹਨ'-ਸਾਰੀਆਂ ਕੌਮਾਂ, ਜਾਤੀਆਂ ਅਤੇ ਭਾਸ਼ਾਵਾਂ-ਦੀ ਸੁੰਦਰਤਾ ਨੂੰ ਵਧਾਉਂਦੀ ਹੈ ਪਰਕਾਸ਼ ਦੀ ਪੋਥੀ 7:9-12)।
- ਸਾਰੀਆਂ ਕੌਮਾਂ ਨੂੰ ਚੇਲੇ ਬਣਾਓ (ਸਾਰੇ ਸੱਭਿਆਚਾਰਕ ਲੋਕਾਂ ਦੇ ਸਮੂਹ, ਮੱਤੀ 28:18-20)।

**ਅਬਰਾਹਾਮ ਨੂੰ ਪਰਮੇਸ਼ੁਰ ਦਾ ਵਾਅਦਾ** (ਵਿਸ਼ਾ: ਵਾਅਦਾ, ਨਿਹਚਾ, ਨੇਮ)

*ਪੁਰਾਣਾ ਨੇਮ:* ਪਰਮੇਸ਼ੁਰ ਨੇ ਵਿਸ਼ਵਾਸੀ ਅਬਰਾਹਾਮ ਦੇ ਵੰਸ਼ ਵਿੱਚ ਸਾਰੀਆਂ ਕੌਮਾਂ ਨੂੰ ਬਰਕਤ ਦੇਣ ਦਾ ਵਾਅਦਾ ਕੀਤਾ:

- ਅਬਰਾਹਾਮ ਨੇ ਪਰਮੇਸ਼ੁਰ ਤੇ ਨਿਹਚਾ ਕੀਤੀ, ਜਿਸਨੇ ਉਸਦੀ ਨਿਹਚਾ ਨੂੰ ਧਰਮ ਜਾਣਿਆ ਅਤੇ ਪਰਮੇਸ਼ੁਰ ਨੇ ਵਿਸ਼ਵਾਸੀ ਅਬਰਾਹਾਮ ਦੇ ਬੀਜ-ਇਕ ਵੰਸ਼, ਅਤੇ ਇਸ ਤੇ ਗੰਭੀਰ ਨੇਮ ਦੀ ਮੋਹਰ ਲਗਾਉਣ ਦੁਆਰਾ ਬਰਕਤਾਂ ਦਾ ਵਾਅਦਾ ਦਿੱਤਾ ਉਤ. 12:1-7; ਉਤ. 15
- ਪਰਮੇਸ਼ੁਰ ਨੇ ਅਬਰਾਹਾਮ ਨੂੰ ਚਮਤਕਾਰੀ ਢੰਗ ਨਾਲ ਪੁੱਤਰ ਦੇ ਜਨਮ ਦਾ ਵਾਅਦਾ ਦਿੱਤਾ। ਅਬਰਾਹਾਮ ਨੇ ਉਸ ਤੇ ਨਿਹਚਾ ਕੀਤੀ। ਉਤ. 15:1-6

*ਨਵਾਂ ਨੇਮ:* ਪਰਮੇਸ਼ੁਰ ਸਾਰੀਆਂ ਕੌਮਾਂ ਨੂੰ ਅਬਰਾਹਾਮ ਦੇ ਬੀਜ, ਮਸੀਹ, ਜਿਹੜਾ ਪਾਪਾਂ ਤੋਂ ਬਚਾਉਂਦਾ ਅਤੇ ਚੰਗਾ ਕਰਦਾ ਹੈ, ਬਰਕਤ ਦੇਣ ਦੇ ਵਾਅਦੇ ਨੂੰ ਪੂਰਾ ਕਰਦਾ ਹੈ:

- ਮਰਿਯਮ ਨੇ ਪੁੱਤਰ ਅਤੇ ਉਸਦੇ ਮੁਕਤੀਦਾਤਾ ਨੂੰ ਚਮਤਕਾਰੀ ਢੰਗ ਨਾਲ ਜਨਮ ਦੇਣਾ ਸਵਿਕਾਰ ਕੀਤਾ। ਲੂਕਾ 1:26-56.
- ਯਿਸੂ ਨੇ ਭੂਤ ਚੰਬੜੇ ਹੋਏ ਮਨੁੱਖ ਅਤੇ ਹੋਰ ਬਹੁਤ ਸਾਰਿਆਂ ਨੂੰ ਚੰਗਾ ਕੀਤਾ ਕਿਉਂਕਿ ਉਨ੍ਹਾਂ ਕੋਲ ਨਿਹਚਾ ਸੀ। ਮਰਕੁਸ 1:21-34
- ਯਿਸੂ ਨੇ ਅਧਰੰਗੀ ਨੂੰ ਉਸਦੀ ਨਿਹਚਾ ਕਾਰਨ ਅਤੇ ਉਸਦੀ ਫ਼ਿਕਰ ਕਰਨ ਵਾਲੇ ਉਸਦੇ ਦੋਸਤਾਂ ਕਾਰਨ ਉਸਦੇ ਪਾਪਾਂ ਨੂੰ ਮਾਫ਼ ਕੀਤਾ ਅਤੇ ਉਸਨੂੰ ਚੰਗਾ ਕਰ ਦਿੱਤਾ। ਮਰਕੁਸ 2:1-12
- ਪਰਮੇਸ਼ੁਰ ਨੇ ਯਹੂਦੀਆਂ ਉੱਤੇ ਜੋ ਬਹੁਤ ਸਾਰੇ ਦੇਸ਼ਾਂ ਤੋਂ ਆਏ ਸਨ ਅਤੇ ਜਿਨ੍ਹਾਂ ਯਿਸੂ ਨੂੰ ਕਬੂਲ ਕੀਤਾ, ਆਪਣਾ ਆਤਮਾ ਵਹਾਇਆ (ਪੰਤੇਕੁਸਤ)। ਰਸੂਲਾਂ ਦੇ ਕਰਤੱਬ 2.

- ਯਿਸੂ ਨੇ ਪਰਾਈਆਂ ਕੌਮਾਂ ਨੂੰ ਪਵਿੱਤਰ ਆਤਮਾ ਦੇ ਕੇ, ਸਾਰੀਆਂ ਜਾਤੀਆਂ ਦੇ ਬਚਣ ਲਈ ਰਸਤਾ ਖੋਲਿਆ। ਰਸੂਲਾਂ ਦੇ ਕਰਤੱਬ 10:44-48

*ਸਾਡਾ ਜਵਾਬ :* ਸਾਡੀਆਂ ਆਪਣੀਆਂ ਯੋਗਤਾਵਾਂ ਨਾਲ ਨਹੀਂ, ਬਲਕਿ ਨਿਹਚਾ ਦੁਆਰਾ ਪਰਮੇਸ਼ੁਰ ਦੀ ਮਾਫ਼ੀ ਪ੍ਰਾਪਤ ਕਰੀਏ (ਅਫ਼. 2:8-10)।

- ਅਸੀਂ ਅਬਰਾਹਾਮ ਦੇ ਵਾਰਸ ਹਾਂ। ਅਸੀਂ ਨਿਹਚਾ ਦੁਆਰਾ ਜਿਵੇਂ ਉਸਨੇ ਨਿਹਚਾ ਕੀਤੀ, ਉਹ ਬਰਕਤਾਂ ਨੂੰ ਪ੍ਰਾਪਤ ਕਰਦੇ ਹਾਂ ਜਿਨ੍ਹਾਂ ਦਾ ਵਾਅਦਾ ਉਸਨੂੰ ਦਿੱਤਾ ਗਿਆ ਸੀ (ਗਲਾ. 3:6-12; 4:21-31)।
- ਅਸੀ ਸਾਰੀਆ ਕੌਮਾਂ ਦੇ ਲੋਕਾਂ ਨੂੰ ਪਵਿੱਤਰ ਆਤਮਾ ਦੀ ਸਮਰੱਥ ਵਿੱਚ ਮਸੀਹ ਦੀ ਗਵਾਹੀ ਦੇਂਦੇ ਹਾਂ (ਰਸੂਲਾਂ ਦੇ ਕਰਤੱਬ 1:8)।
- ਅਸੀਂ ਯਿਸੂ ਮਸੀਹ ਦੇ ਨਾਮ ਵਿੱਚ ਸਰੀਰਿਕ ਚੰਗਾਈ ਲਈ ਪ੍ਰਾਰਥਨਾ ਕਰਦੇ ਹਾਂ (ਯਾਕੂਬ 5:14-16)।
- ਪਰਮੇਸ਼ੁਰ ਨੂੰ ਸਾਨੂੰ ਚੰਗਾ ਕਰਨ ਜਾਂ ਇਸ ਦੀ ਬਜਾਏ ਇਕ ਹੋਰ ਪ੍ਰਕਾਰ ਦੀ ਕਿਰਪਾ, ਦੇਣ ਦੀ ਆਗਿਆ ਦਿਓ, ਜਿਵੇਂ ਉਸਨੇ ਪੌਲੁਸ ਲਈ ਕੀਤਾ (2 ਕੁਰਿੰ. 12:7-10 – ਪਰਮੇਸ਼ੁਰ ਹਰ ਇੱਕ ਨੂੰ ਚੰਗਾ ਨਹੀਂ ਕਰਦਾ, ਜਾਂ ਇਹ ਕਿ ਕੋਈ ਵੀ ਮਰੇਗਾ ਨਹੀਂ ਅਤੇ ਉਸਦੇ ਨਾਲ ਸਵਰਗ ਵਿੱਚ ਹੋਵੇਗਾ।)

## ਅਬਰਾਹਾਮ ਦੀ ਨਿਹਚਾ (ਵਿਸ਼ਾ : ਨਿਹਚਾ, ਇਸਲਾਮ, ਇਸਹਾਕ)

*ਪੁਰਾਣਾ ਨੇਮ:* ਅਬਰਾਹਾਮ ਦੀ ਨਿਹਚਾ ਨੇ ਉਸਦੀ ਅਗਵਾਈ ਚੰਗੇ ਕੰਮਾਂ ਅਤੇ ਪਰਮੇਸ਼ੁਰ ਦੇ ਵਾਅਦੇ ਵੱਲ ਕੀਤਾ, ਜਿਸਨੇ ਪੁਰਾਣੇ ਨੇਮ ਅਤੇ ਨਵੇਂ ਕੰਮ ਲਈ ਆਧਾਰ ਦਿੱਤਾ :

- ਅਬਰਾਹਾਮ ਨੇ ਆਪਣੇ ਭਤੀਜੇ ਲੂਤ ਨੂੰ ਉਪਜਾਊ ਮੈਦਾਨ ਚੁਣਨ ਦਿੱਤੇ। ਉਤ. 13
- ਅਬਰਾਹਾਮ ਨਿਹਚਾ ਨਾਲ ਆਪਣੇ ਘਰਜੰਮਾਂ ਨੂੰ ਲੈ ਕੇ, ਲੂਤ ਨੂੰ ਬਚਾਉਣ ਲਈ ਪੰਜ ਰਾਜਿਆਂ ਦੇ ਵਿਰੁੱਧ ਯੁੱਧ ਕਰਨ ਲਈ ਗਿਆ। ਉਤ. 14
- ਅਬਰਾਹਾਮ ਦੀ ਨਿਹਚਾ ਦਾ ਨਤੀਜਾ ਸੀ, ਇਸਹਾਕ ਦਾ ਜਨਮ, ਜਿਸਦੇ ਦੁਆਰਾ ਪਰਮੇਸ਼ੁਰ ਨੇ ਆਪਣੀ ਕਿਰਪਾ ਦਾ ਨੇਮ ਸਥਾਪਿਤ ਕੀਤਾ। ਉਤ. 21
- ਪਰਮੇਸ਼ੁਰ ਨੇ ਅਬਰਾਹਾਮ ਦੀ ਨਿਹਚਾ ਨੂੰ-ਉਸਦੇ ਇਕਲੌਤੇ ਪੁੱਤਰ-ਵਾਅਦੇ ਦਾ ਵਾਰਿਸ-ਨੂੰ ਭੇਟ ਦੇ ਰੂਪ ਵਿੱਚ ਕੁਰਬਾਨ ਕਰਨ ਲਈ ਕਹਿ ਕੇ ਪਰਤਾਇਆ। ਉਤ. 22
- ਨਿਹਚਾ ਦੀ ਅਸਥਾਈ ਅਣਗਹਿਲੀ ਵਿੱਚ ਅਬਰਾਹਾਮ ਨੇ ਉਸਦੇ ਆਪਣੇ ਜਤਨਾਂ ਨਾਲ ਪਰਮੇਸ਼ੁਰ ਦੀ ਕਿਰਪਾ ਦੇ ਨੇਮ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ। ਉਤ. 16-17 ਨਤੀਜਾ ਇਹ ਹੈ ਕਿ ਅਰਬ ਦੇ ਮੁਸਲਮਾਨ ਵੰਸ਼, ਹਾਜਰਾ ਦੇ ਨਾਜ਼ਾਇਜ ਪੁੱਤਰ ਇਸਮਾਏਲ, ਹਾਲੇ ਵੀ ਸਾਰਈ ਦੁਆਰਾ ਅਬਰਾਹਾਮ ਦੇ ਵੰਸ਼ਾਂ ਵਿਰੁੱਧ ਲੜਦੇ ਹਨ।

*ਨਵਾਂ ਨੇਮ:* ਨਵਾਂ ਜਨਮ ਪਾਉਣ, ਚੰਗਾਈ ਪ੍ਰਾਪਤ ਕਰਨ, ਅਤੇ ਪਰਮੇਸ਼ੁਰ ਦੀਆਂ ਬਰਕਤਾਂ ਨੂੰ ਪਾਉਣ ਲਈ ਯਿਸੂ ਸਾਡੇ ਕੋਲੋਂ ਨਿਹਚਾ ਦੀ ਮੰਗ ਕਰਦਾ ਹੈ:

- ਯਿਸੂ ਨੇ ਨਿਕੁਦੇਸੁਮ ਨੂੰ ਦੱਸਿਆ ਕਿ ਨਿਹਚਾ ਦੁਆਰਾ ਸਾਨੂੰ ਆਤਮਾ ਨਾਲ ਫਿਰ ਤੋਂ ਜਨਮ ਲੈਣਾ ਚਾਹੀਦਾ ਹੈ। ਯੂਹੰਨਾ 3
- ਯਿਸੂ ਨੇ ਨਿਹਚਾ ਕਰਨ ਵਾਲੇ ਇਕ ਸੂਬੇਦਾਰ ਦੇ ਨੌਕਰ ਨੂੰ ਚੰਗਾ ਕੀਤਾ। ਮੱਤੀ 8:5-17
- ਯਿਸੂ ਨੇ ਦੋ ਅੰਨ੍ਹਿਆਂ ਨੂੰ ਉਨ੍ਹਾਂ ਦੀ ਨਿਹਚਾ ਕਾਰਨ ਸੁਜਾਖਾ ਕੀਤਾ। ਮੱਤੀ 9:27-38

*ਸਾਡਾ ਜਵਾਬ:* ਨਿਹਚਾ ਦੁਆਰਾ ਸਾਡੀ ਮੁਕਤੀ ਦਾ ਨਤੀਜ਼ਾ ਚੰਗੇ ਕੰਮ ਹਨ, ਨਹੀਂ ਤਾਂ ਸਾਡੀ ਨਿਹਚਾ ਅਸਲ ਨਹੀਂ ਹੈ (ਅਫ਼. 2:8-10; ਯਾਕੂਬ 1:22-24)।

- ਅਜਿਹੇ ਸ਼ੱਕ ਨੂੰ ਦੂਰ ਰੱਖੋ, ਜਿਹੋ ਜਿਹੇ ਸ਼ੱਕ ਕਾਰਨ ਅਬਰਾਹਾਮ ਨੇ ਪਰਮੇਸ਼ੁਰ ਦੀ ਕਿਰਪਾ ਦੇ ਨੇਮ ਨੂੰ ਉਸਦੇ ਆਪਣੇ ਜਤਨਾਂ ਨਾਲ ਪੂਰੀ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਕਾਰਨ ਇਸਮਾਏਲ ਦਾ ਜਨਮ ਹੋਇਆ, ਜਿਸਦੇ ਦੁਆਰਾ ਉਸਦੇ ਅਰਬ ਦੇ ਵੰਸ਼ਾਂ ਨੇ ਇਸਲਾਮ, ਸੰਸਾਰ ਦਾ ਸਭ ਤੋਂ ਕਾਨੂੰਨੀ ਧਰਮ ਸ਼ੁਰੂ ਕੀਤਾ (ਗਲਾ. 3:6-12; ਗਲਾ. 4:21-31)
- ਰੋਜ਼ਾਨਾ ਬਹਾਲੀ ਦੀ ਭਾਲ ਕਰੋ-ਪ੍ਰਾਰਥਨਾ ਕਰੋ ਅਤੇ ਰੋਜ਼ਾਨਾ ਪਰਮੇਸ਼ੁਰ ਦਾ ਵਚਨ ਪੜ੍ਹੋ-ਪਵਿੱਤਰ ਆਤਮਾ ਨੂੰ ਦਿਨ ਪ੍ਰਤੀ ਦਿਨ ਤੁਹਾਨੂੰ ਤਰੋ ਤਾਜ਼ਾ ਕਰਨ ਦਿਓ (2 ਕੁਰਿੰ. 4:16)।

## ਅਬਰਾਹਾਮ ਦੀ ਮੁਖ਼ਤਿਆਰੀ (ਵਿਸ਼ਾ : ਦੇਣਾ)

*ਪੁਰਾਣੇ ਨੇਮ:* ਪਰਮੇਸ਼ੁਰ ਚੰਗੇ ਮੁਖਤਿਆਰਾਂ ਨੂੰ ਉਹੋ ਫਲ ਦੇਂਦਾ ਹੈ, ਜਿਹੜਾ ਉਸਨੇ ਉਨ੍ਹਾਂ ਨੂੰ ਪੁਰਾਣੇ ਨੇਮ ਵਿੱਚ ਦਿੱਤਾ:

- ਅਬਰਾਹਾਮ ਨੇ ਮਾਲ ਧੰਨ ਦਾ ਜਿਸ ਉੱਤੇ ਉਸਨੇ ਹਮਲਾਵਰਾਂ ਕੋਲੋਂ ਕਬਜ਼ਾ ਕੀਤਾ ਸੀ, ਮਸੀਹ ਵਰਗੇ ਜਾਜਕ ਮਲਕਿਸਿਦਕ ਨੂੰ ਦਸਵੰਧ ਦਿੱਤਾ, ਅਤੇ ਉਸਨੇ ਬੰਦੀ ਬਣਾਏ ਗਏ ਲੋਕਾਂ ਦੇ ਕਿਸੇ ਵੀ ਮਾਲ ਧੰਨ ਨੂੰ ਲੈਣ ਤੋਂ ਇਨਕਾਰ ਕੀਤਾ। ਉਤ. 14:11-24

- ਬੋਅਜ਼ ਨੇ ਆਪਣੇ ਟਹਿਲੂਆਂ ਨੂੰ ਜੋ ਵਾਢੀ ਕਰ ਰਹੇ ਸਨ, ਜਾਣ ਬੁੱਝ ਕੇ ਗਰੀਬਣੀ ਰੂਥ ਲਈ ਸਿੱਟੇ ਛੱਡਣ ਲਈ ਕਿਹਾ। ਰੂਥ 2

*ਨਵਾਂ ਨੇਮ:* ਪਰਮੇਸ਼ੁਰ ਉਨ੍ਹਾਂ ਲੋਕਾਂ ਲਈ ਸਵਰਗ ਵਿੱਚ ਖਜ਼ਾਨੇ ਦਾ ਵਾਅਦਾ ਕਰਦਾ ਹੈ, ਜਿਹੜੇ ਉਸਦੇ ਕੰਮ ਲਈ ਅਤੇ ਜੋ ਲੋੜਵੰਦ ਹਨ ਉਨ੍ਹਾਂ ਨੂੰ ਖੁੱਲ੍ਹੇ ਦਿਲ ਨਾਲ ਦੇਂਦੇ ਹਨ।

- ਗਰੀਬ ਵਿਧਵਾ ਨੇ ਸਿੱਕੇ ਦੇ ਦਿੱਤੇ, ਹਾਲਾਂਕਿ ਉਨ੍ਹਾਂ ਦੀ ਉਸਨੂੰ ਆਪਣੀ ਰੋਜ਼ੀ ਲਈ ਬਹੁਤ ਲੋੜ ਸੀ। ਲੂਕਾ 21:1-4
- ਬਰਨਾਬਾਸ ਨੇ ਆਪਣੀ ਸੰਪਤੀ ਵੇਚ ਦਿੱਤੀ ਅਤੇ ਲੋੜਵੰਦਾਂ ਨੂੰ ਦੇ ਦਿੱਤੀ। ਰਸੂਲਾਂ ਦੇ ਕਰਤੱਬ 4:33-37
- ਚੰਗੇ ਸਾਮਰੀ ਨੇ ਆਪਣੇ ਦੁਸ਼ਮਣ ਦੀ ਦੇਖਭਾਲ ਕੀਤੀ। ਲੂਕਾ 10:25-37
- ਯਿਸੂ ਨੇ ਚੰਗੀ ਮੁਖ਼ਤਿਆਰੀ ਦੀ ਉਦਾਹਰਣ ਵਫ਼ਾਦਾਰ ਮੁਖ਼ਤਿਆਰਾਂ ਦੇ ਦ੍ਰਿਸ਼ਟਾਂਤ ਨਾਲ ਦਿੱਤੀ। ਲੂਕਾ 19:11-27
- ਯਿਸੂ ਨੇ ਬੁਰੀ ਮੁਖ਼ਤਿਆਰੀ ਦੀ ਉਦਾਹਰਣ ਬਈਮਾਨ ਮੁਖ਼ਤਿਆਰਾਂ ਦੇ ਦ੍ਰਿਸ਼ਟਾਂਤ ਨਾਲ ਦਿੱਤੀ। ਲੂਕਾ 16:1-8

*ਸਾਡਾ ਜਵਾਬ :* ਚੰਗੇ ਮੁਖ਼ਤਿਆਰ ਬਣੋ ਅਤੇ ਜੋ ਕੁਝ ਪਰਮੇਸ਼ੁਰ ਨੇ ਤੁਹਾਨੂੰ ਦਿੱਤਾ ਹੈ, ਭਾਵੇਂ ਧਨ ਜਾਂ ਸਮਾਨ ਉਸਦਾ ਸਹੀ ਤਰ੍ਹਾਂ ਪ੍ਰਬੰਧ ਕਰੋ (1 ਕੁਰਿੰ. 4:2)।

- ਖੁਲ੍ਹੇ ਦਿਲ ਨਾਲ ਦਿਓ, ਪਰਮੇਸ਼ੁਰ ਉਹ ਨਹੀਂ ਚਾਹੁੰਦਾ ਜੋ ਅਸੀਂ ਸੰਕੋਚ ਨਾਲ ਦੇਂਦੇ ਹਾਂ। (2 ਕੁਰਿੰ. 9:6-15)

## ਅਬਰਾਹਾਮ ਦੀ ਸਿਫ਼ਾਰਸ਼ੀ ਪ੍ਰਾਰਥਨਾ (ਵਿਸ਼ਾ : ਨਿਹਚਾ, ਸਿਫ਼ਾਰਸ਼, ਚੰਗਾਈ)

*ਪੁਰਾਣਾ ਨੇਮ:* ਪੁਰਾਣੇ ਨੇਮ ਵਿੱਚ ਪਰਮੇਸ਼ੁਰ ਨੇ ਨਿਹਚਾ ਦੀਆਂ ਪ੍ਰਾਰਥਨਾਵਾਂ ਦਾ ਉੱਤਰ ਦਿੱਤਾ:

- ਅਬਰਾਹਾਮ ਦੀ ਲੂਤ ਅਤੇ ਉਸਦੇ ਪਰਿਵਾਰ ਲਈ ਸ਼ਕਤੀਸ਼ਾਲੀ ਸਿਫ਼ਾਰਸ਼ੀ ਪ੍ਰਾਰਥਨਾ (ਸਦੂਮ ਅਤੇ ਅਮੂਰਾਹ)। ਉਤ. 18-19
- ਸੁਲੇਮਾਨ ਦੀ ਪਰਮੇਸ਼ੁਰ ਦੀ ਹੈਕਲ ਅਤੇ ਉਸਦੇ ਲੋਕਾਂ ਲਈ ਸਮਰਪਣ ਦੀ ਸ਼ਕਤੀਸ਼ਾਲੀ ਪ੍ਰਾਰਥਨਾ। 2 ਇਤਹਾਸ 6; 7:1-4
- ਅਜ਼ਰਾ ਦੀ ਆਪਣੇ ਲੋਕਾਂ ਖ਼ਾਤਿਰ ਪਾਪਾਂ ਦੇ ਇਕਰਾਰ ਦੀ ਸ਼ਕਤੀਸ਼ਾਲੀ ਪ੍ਰਾਰਥਨਾ ਅਤੇ ਨਤੀਜ਼ੇ ਸਨ (ਬਹਾਲੀ)। ਅਜ਼ਰਾ 9: ਅਜ਼ਰਾ 10:1-19

*ਨਵਾਂ ਨੇਮ:* ਪਰਮੇਸ਼ੁਰ ਸਾਡੀਆਂ ਨਿਹਚਾ ਦੀਆਂ ਪ੍ਰਾਰਥਨਾਵਾਂ ਦਾ ਉੱਤਰ ਦੇਂਦਾ ਹੈ:

- ਪਤਰਸ ਅਤੇ ਯੂਹੰਨਾ ਨੇ ਯਿਸੂ ਮਸੀਹ ਦੇ ਨਾਮ ਵਿੱਚ ਪ੍ਰਾਰਥਨਾ ਕਰਕੇ ਇਕ ਲੰਗੜੇ ਨੂੰ ਚੰਗਾ ਕੀਤਾ-ਅਤੇ ਇਸ ਕਾਰਨ ਉਨ੍ਹਾਂ ਨੂੰ ਕੈਦਖਾਨੇ ਵਿੱਚ ਸੁੱਟ ਦਿੱਤਾ ਗਿਆ। ਰਸੂਲਾਂ ਦੇ ਕਰਤੱਬ 3-4
- ਇਕ ਪਿਤਾ ਦੀ, ਨਿਹਚਾ ਲਈ ਅਤੇ ਉਸਦੇ ਪੁੱਤਰ ਲਈ ਜਿਸਨੂੰ ਗੁੰਗੀ ਰੂਹ ਚੰਬੜੀ ਹੋਈ ਸੀ, ਸਰਲ ਪ੍ਰਾਰਥਨਾ। ਮਰਕੁਸ 9:14-29
- ਪਾਪੀ ਮਸੂਲੀਏ ਦੀ ਛੋਟੀ ਜਿਹੀ ਪ੍ਰਾਰਥਨਾ। ਲੂਕਾ 18:9-14
- ਯਿਸੂ ਨੇ ਸਾਨੂੰ ਦੱਸਿਆ ਕਿ ਪ੍ਰਾਰਥਨਾ ਕਿਵੇਂ ਕਰਨੀ ਹੈ (ਪ੍ਰਭੂ ਦੀ ਪ੍ਰਾਰਥਨਾ ਸ਼ਾਮਿਲ ਕਰਦਿਆਂ-'ਹੇ ਸਾਡੇ ਪਿਤਾ')। ਮੱਤੀ 6:1-15
- ਯਿਸੂ ਨੇ ਆਪਣੇ ਚੇਲਿਆਂ ਅਤੇ ਸਾਡੇ ਲਈ ਪ੍ਰਾਰਥਨਾ ਕੀਤੀ। ਯੂਹੰਨਾ 17
- ਯਿਸੂ ਨੇ ਪ੍ਰਾਰਥਨਾ ਵਿੱਚ, ਸਾਡੇ ਲਈ ਆਪਣੇ ਜੀਵਨ ਨੂੰ ਦੇਣ ਲਈ, ਆਪਣੇ ਪਿਤਾ ਦੀ ਇੱਛਾ ਅੱਗੇ ਸੌਂਪ ਦਿੱਤਾ। ਮੱਤੀ 26:36-46

*ਸਾਡਾ ਜਵਾਬ :* ਯਿਸੂ ਨੇ ਸਾਨੂੰ ਉਸਦੇ ਨਾਮ ਵਿੱਚ ਪ੍ਰਾਰਥਨਾ ਕਰਨ ਲਈ ਕਿਹਾ ਹੈ, ਤਾਂ ਜੋ ਸਾਡਾ ਅਨੰਦ ਪੂਰਾ ਹੋਵੇ (ਯੂਹੰਨਾ 16:24)।

- ਪੌਲੁਸ ਰਸੂਲ ਸਾਨੂੰ ਨਿੱਤ ਪ੍ਰਾਰਥਨਾ ਕਰਨ ਲਈ ਕਹਿੰਦਾ ਹੈ (1 ਥੱਸ. 5:17)।
- ਯੂਹੰਨਾ ਰਸੂਲ ਸਾਨੂੰ ਪਰਮੇਸ਼ੁਰ ਅੱਗੇ ਆਪਣੇ ਪਾਪਾਂ ਦਾ ਇਕਰਾਰ ਕਰਨ ਲਈ ਕਹਿੰਦਾ ਹੈ (1 ਯੂਹੰਨਾ 1:8-10)।

## ਇਸਹਾਕ ਦੀ ਦੁਲਹਨ ਰਿਬਕਾਹ (ਵਿਸ਼ਾ : ਇਸਹਾਕ, ਪੰਤੇਕੁਸਤ, ਪਵਿੱਤਰ ਆਤਮਾ)

*ਪੁਰਾਣਾ ਨੇਮ :* ਅਬਰਾਹਾਮ ਨੇ ਆਪਣੇ ਟਹਿਲੂਆਂ ਨੂੰ ਦੂਰ ਆਪਣੇ ਪੁੱਤਰ ਇਸਹਾਕ ਲਈ ਵਿਸ਼ਵਾਸ ਕਰਨ ਵਾਲੀ ਦੁਲਹਨ ਦੀ ਭਾਲ ਕਰਨ ਲਈ ਭੇਜਿਆ। ਉਤ. 24

*ਨਵਾਂ ਨੇਮ :* ਪਰਮੇਸ਼ੁਰ ਨੇ ਆਪਣੇ ਪੁੱਤਰ ਯਿਸੂ ਲਈ ਵਿਸ਼ਵਾਸ ਕਰਨ ਵਾਲੀ ਦੁਲਹਨ-ਕਲੀਸਿਯਾ-ਦੀ ਭਾਲ ਕਰਨ ਲਈ ਪਵਿੱਤਰ ਆਤਮਾ ਨੂੰ ਭੇਜਿਆ:

- ਯਿਸੂ ਨੇ ਸਾਨੂੰ ਇਕ ਸਹਾਇਕ ਦੇਣ ਦਾ ਵਾਅਦਾ ਕੀਤਾ, ਜਿਹੜਾ ਸਾਨੂੰ ਸਾਡੇ ਪਾਪਾਂ ਬਾਰੇ ਘਾਇਲ ਕਰਦਾ ਅਤੇ ਸਾਡੇ ਲਈ ਮਸੀਹ ਨੂੰ ਪ੍ਰਗਟ ਕਰਦਾ ਹੈ। ਯੂਹੰਨਾ 14:15-26; ਯੂਹੰਨਾ 16:7-16

- ਪੰਤੇਕੁਸਤ ਦੇ ਦਿਨ ਪਵਿੱਤਰ ਆਤਮਾ ਉੱਤਰਿਆ ਅਤੇ ਯਹੂਦੀਆਂ ਵਿੱਚਕਾਰ ਪਹਿਲੀ ਕਲੀਸਿਯਾ ਸ਼ੁਰੂ ਹੋ ਗਈ। ਰਸੂਲਾਂ ਦੇ ਕਰਤੱਬ 2
- ਪਵਿੱਤਰ ਆਤਮਾ ਪਰਾਈਆਂ ਕੌਮਾਂ ਉੱਤੇ ਉੱਤਰਿਆ; ਪਰਾਈਆਂ ਕੌਮਾਂ ਵਿੱਚ ਪਹਿਲੀ ਕਲੀਸਿਯਾ ਨੇ ਕੁਰਨੇਲਿਯੁਸ ਦੇ ਘਰ ਜਨਮ ਲਿਆ। ਰਸੂਲਾਂ ਦੇ ਕਰਤੱਬ 10

*ਸਾਡਾ ਜਵਾਬ* : ਉਨ੍ਹਾਂ ਲੋਕਾਂ ਦੀ ਭਾਲ ਕਰੋ ਜਿਨ੍ਹਾਂ ਨੂੰ ਪਰਮੇਸ਼ੁਰ ਨੇ ਆਪਣੀ ਦੁਲਹਨ ਬਣਨ ਅਤੇ ਵਫ਼ਾਦਾਰ ਲੋਕ ਬਣਨ ਲਈ ਚੁਣਿਆ ਹੈ, ਭਾਵੇਂ ਉਹ ਦੂਰ ਦਰਾਡੇ ਦੇਸ਼ਾਂ ਵਿੱਚ ਕਿਉਂ ਨਾ ਹੋਣ। (ਮੱਤੀ 28:19-20)।

## ਯਾਕੂਬ ਨੂੰ ਪਰਮੇਸ਼ੁਰ ਦੀ ਕਿਰਪਾ ਪ੍ਰਾਪਤ ਹੋਈ (ਵਿਸ਼ਾ : ਯਾਕੂਬ, ਏਸਾਓ, ਨਿਹਚਾ, ਦੁਆਰਾ ਮੁਕਤੀ)

*ਪੁਰਾਣਾ ਨੇਮ:* ਮਹਾਨ ਪਰਮੇਸ਼ੁਰ ਨੇ ਉਨ੍ਹਾਂ ਲੋਕਾਂ ਨੂੰ ਉਨ੍ਹਾਂ ਦੇ ਚੰਗੇ ਕੰਮਾਂ ਕਾਰਨ ਨਹੀਂ ਪਰ ਚੁਣੇ ਜਾਣ ਕਾਰਨ ਕਿਰਪਾ ਦਿੱਤੀ:

- ਯਾਕੂਬ ਨੇ ਆਪਣੇ ਭਰਾ ਏਸਾਓ ਨੂੰ ਧੋਖਾ ਦਿੱਤਾ, ਪਰ ਫਿਰ ਵੀ ਉਸਨੂੰ ਪਰਮੇਸ਼ੁਰ ਦੀ ਬਰਕਤ ਪ੍ਰਾਪਤ ਹੋਈ। ਉਤ. 27-33
- ਇਹ ਲੰਬੀ ਕਹਾਣੀ, ਇਸ ਤੋਂ ਪਹਿਲਾਂ ਕਿ ਲੋਕਾਂ ਨੂੰ ਪਰਮੇਸ਼ੁਰ ਦੀ ਬਿਵਸਥਾ ਪ੍ਰਾਪਤ ਹੋਈ, ਇਬਰਾਨੀ ਪ੍ਰਾਚੀਨ ਸੱਭਿਆਚਾਰ ਬਾਰੇ ਸੂਝ ਪ੍ਰਦਾਨ ਕਰਦੀ ਹੈ।
- ਯਾਕੂਬ ਨੇ ਧੋਖੇ ਨਾਲ ਏਸਾਓ ਕੋਲੋਂ ਉਸਦੇ ਪਹਿਲੌਠੇ ਹੋਣ ਦੇ ਹੱਕ ਨੂੰ ਖੋਹ ਲਿਆ। ਉਤ.27
- ਯਾਕੂਬ ਨੇ ਪਰਮੇਸ਼ੁਰ ਦੀ ਅਰਾਧਨਾ ਕੀਤੀ ਅਤੇ ਸਵਰਗ ਨੂੰ ਜਾਂਦੀ ਇਕ ਪੌੜੀ ਵੇਖੀ; ਪਰਮੇਸ਼ੁਰ ਨੇ ਯਾਕੂਬ ਅੱਗੇ ਉਨ੍ਹਾਂ ਵਾਦਿਆਂ ਨੂੰ ਦੁਹਰਾਇਆ, ਜੋ ਉਸਨੇ ਅਬਰਾਹਾਮ ਨਾਲ ਕੀਤੇ ਸਨ। ਉਤ. 28
- ਪਰਮੇਸ਼ੁਰ ਨੇ ਯਾਕੂਬ ਨੂੰ ਧੋਖੇ ਦੀ ਸਜ਼ਾ ਦਿੱਤੀ, ਲਾਬਾਨ ਨੇ ਉਸਨੂੰ ਧੋਖਾ ਦਿੱਤਾ। ਉਤ.29
- ਯਾਕੂਬ ਦੀ ਨਿਹਚਾ ਕਾਰਨ ਪਰਮੇਸ਼ੁਰ ਨੇ ਉਸਨੂੰ ਧੰਨ ਅਤੇ ਬੱਚਿਆਂ ਦੀ ਬਰਕਤ ਦਿੱਤੀ, ਹਾਲਾਂਕਿ ਉਸਨੇ ਬੁਰੇ ਕੰਮ ਕੀਤੇ ਸਨ। ਉਤ. 30
- ਪਰਮੇਸ਼ੁਰ ਨੇ ਯਾਕੂਬ ਨੂੰ ਏਸਾਓ ਅਤੇ ਲਾਬਾਨ ਦੋਹਾਂ ਦੇ ਕ੍ਰੋਧ ਤੋਂ ਬਚਾਇਆ; ਯਾਕੂਬ ਨੇ ਦੂਤ ਨਾਲ ਘੋਲ ਕੀਤਾ। ਉਤ.31-33

*ਨਵਾਂ ਨੇਮ:* ਯਿਸੂ ਬੁਰੇ ਲੋਕਾਂ ਨੂੰ ਉਨ੍ਹਾਂ ਦੇ ਕੰਮਾਂ ਕਾਰਨ ਨਹੀਂ, ਪਰ ਉਨ੍ਹਾਂ ਦੀ ਨਿਹਚਾ ਕਾਰਨ ਮਾਫ਼ ਕਰਦਾ ਅਤੇ ਬਰਕਤ ਦੇਂਦਾ ਹੈ:

- ਯਿਸੂ ਨੇ ਪਾਪਣ ਤੀਵੀਂ ਨੂੰ ਮਾਫ਼ ਕੀਤਾ। ਲੂਕਾ 7:36-50
- ਯਿਸੂ ਨੇ ਦ੍ਰਿਸ਼ਟਾਂਤ ਦੇ ਕੇ ਦੱਸਿਆ ਕਿ ਯਿਸੂ ਉਸਦੇ ਨਾਲ ਵਿਆਹ ਵਿੱਚ ਸ਼ਾਮਿਲ ਹੋਣ ਲਈ ਬੁਰੇ ਅਤੇ ਚੰਗੇ ਦੋਹਾਂ ਲੋਕਾਂ ਨੂੰ ਬੁਲਾਉਂਦਾ ਹੈ। ਮੱਤੀ 22:1-10
- ਯਿਸੂ ਨੇ ਪਾਪੀਆਂ ਨਾਲ ਜਿਨ੍ਹਾਂ ਨੂੰ ਉਹ ਬਚਾਉਣ ਲਈ ਆਇਆ ਸੀ, ਖਾਧਾ ਅਤੇ ਪੀਤਾ, ਅਤੇ ਉਸਦੀ ਨਿੰਦਾ ਵੀ ਹੋਈ। ਲੂਕਾ 5:27-32

*ਸਾਡਾ ਜਵਾਬ :* ਸਾਨੂੰ ਸਾਡੇ ਕੰਮਾਂ ਕਾਰਨ ਨਹੀਂ, ਪਰ ਸਾਡੀ ਨਿਹਚਾ ਕਾਰਨ ਮਾਫ਼ ਕਰਨ ਲਈ ਪਰਮੇਸ਼ੁਰ ਦਾ ਧੰਨਵਾਦ ਕਰੋ (ਰੋਮੀਆਂ 8:28-30; 9:10-18)।

- ਮੁਕਤੀ ਦੀ ਚੰਗੀ ਖੁਸ਼ਖ਼ਬਰੀ ਨੂੰ ਬੁਰੇ ਅਤੇ ਚੰਗੇ ਦੋਵਾਂ ਲੋਕਾਂ ਵਿੱਚ ਲੈ ਕੇ ਜਾਓ, ਕਿਉਂਕਿ ਯਿਸੂ ਗੁਆਚਿਆਂ ਦੀ ਭਾਲ ਕਰਨ ਆਇਆ। (ਲੂਕਾ 5:32)।

## ਯੂਸੁਫ਼ ਨੇ ਮਾਫ਼ ਕੀਤਾ (ਵਿਸ਼ਾ: ਮਾਫ਼ੀ, ਸਿਫ਼ਾਰਸ਼, ਯਿਸੂ ਸਾਡਾ ਵਿੱਚੋਲਾ)

*ਪੁਰਾਣਾ ਨੇਮ :* ਯੂਸੁਫ਼ ਨੇ ਇਸਰਾਏਲ ਦੇ ਪੁੱਤਰਾਂ ਲਈ ਜਿਨ੍ਹਾਂ ਉਸ ਨਾਲ ਗਲਤ ਕੀਤਾ ਸੀ, ਵਿੱਚੋਲੇ ਦੇ ਤੌਰ ਤੇ ਕੰਮ ਕੀਤਾ:

- ਯੂਸੁਫ਼ ਨੇ ਇਖ਼ਤਿਆਰ ਪ੍ਰਾਪਤ ਕੀਤਾ ਅਤੇ ਆਪਣੇ ਭਰਾਵਾਂ ਲਈ ਜਿਨ੍ਹਾਂ ਉਸਨੂੰ ਗੁਲਾਮੀ ਲਈ ਵੇਚ ਦਿੱਤਾ ਸੀ, ਫ਼ਿਰਊਨ ਅੱਗੇ ਬੇਨਤੀ ਕੀਤੀ। ਉਤ. 37 ਅਤੇ ਉਤ. 39-45
- ਤੁਸੀਂ ਇਸ ਲੰਬੀ ਕਹਾਣੀ ਨੂੰ ਛੋਟੇ ਭਾਗਾਂ ਵਿੱਚ ਵੰਡ ਸਕਦੇ ਹੋ। ਇਸ ਦੇ ਵਿੱਚ ਮਾਫ਼ੀ, ਸ਼ੁੱਧਤਾ, ਪਰਿਵਾਰਿਕ ਰਿਸ਼ਤੇ, ਸਿਫ਼ਾਰਸ਼ ਅਤੇ ਪਰਮੇਸ਼ੁਰ ਦਾ ਪ੍ਰਬੰਧ ਸ਼ਾਮਿਲ ਹੈ। ਯੂਸੁਫ਼, ਨਬੀ ਸੀ ਮਸੀਹ ਦੇ ਰੂਪ ਵਿੱਚ। ਉਹ ਸੀ:

  ਇੱਕ ਚਰਵਾਹਾ

  ਆਪਣੇ ਪਿਤਾ ਦਾ ਪਿਆਰਾ,

  ਆਪਣੇ ਭਰਾਵਾਂ, ਇਸਰਾਏਲ ਦੇ ਪੁੱਤਰਾਂ ਦੁਆਰਾ ਵੇਚਿਆ ਗਿਆ,

  ਪਰਤਾਵੇ ਦਾ ਸਾਹਮਣਾ ਕੀਤਾ,

ਅਨਿਆਂਪੂਰਨ ਕੈਦ ਵਿੱਚ ਸੁੱਟਿਆ ਗਿਆ,
ਫਿਰ ਦੁਬਾਰਾ ਖੜ੍ਹਾ ਹੋ ਕੇ ਸਨਮਾਨ ਦੇ ਸਥਾਨ ਤੇ ਰਾਜੇ ਦੇ ਸੱਜੇ ਹੱਥ ਬੈਠਾ,
ਆਪਣੇ ਭਰਾਵਾਂ ਲਈ ਸਿਫ਼ਾਰਸ਼ ਕੀਤੀ,
ਇਕ ਸ਼ਾਨਦਾਰ ਦਾਹਵਤਤੇ ਉਨ੍ਹਾਂ ਨਾਲ ਫਿਰ ਇੱਕ ਹੋ ਗਿਆ।

*ਨਵਾਂ ਨੇਮ:* ਯਿਸੂ ਪਿਤਾ ਸਾਹਮਣੇ ਸਾਡੇ ਲਈ ਇਕ ਵਿੱਚੋਲੇ ਦਾ ਕੰਮ ਕਰਦਾ ਹੈ, ਹਾਲਾਂਕਿ ਅਸੀਂ ਉਸਦੇ ਵਿਰੁੱਧ ਪਾਪ ਕੀਤਾ ਹੈ:

- ਯਿਸੂ ਚੰਗਾ ਚਰਵਾਹਾ ਹੈ ਜਿਹੜਾ ਗੁਆਚੀ ਭੇਡ ਨੂੰ ਲੱਭਦਾ ਹੈ। ਲੂਕਾ 15:1-10
- ਯਿਸੂ ਨੇ ਆਪਣੇ ਪਿਤਾ ਅੱਗੇ ਉਨ੍ਹਾਂ ਲੋਕਾਂ ਨੂੰ ਮਾਫ਼ ਕਰਨ ਲਈ ਪ੍ਰਾਰਥਨਾ ਕੀਤੀ ਜਿਨ੍ਹਾਂ ਉਸਨੂੰ ਸਲੀਬ ਦਿੱਤਾ ਸੀ। ਲੂਕਾ 23
- ਯਿਸੂ ਨੇ ਆਪਣੇ ਚੇਲਿਆਂ ਨੂੰ ਦੱਸਿਆ ਕਿ ਸਾਨੂੰ ਕਿਉਂ ਦੂਜਿਆਂ ਨੂੰ ਮਾਫ਼ ਕਰਨਾ ਚਾਹੀਦਾ ਹੈ। ਮੱਤੀ 18:15-35

**ਸਾਡਾ ਜਵਾਬ** : ਯਿਸੂ ਦੇ ਨਾਮ ਵਿੱਚ ਪ੍ਰਾਰਥਨਾ ਕਰੋ-ਉਹ ਪਿਤਾ ਅੱਗੇ ਸਾਡਾ ਵਿੱਚੋਲਾ ਹੈ, ਸਾਡੇ ਲਈ ਬੇਨਤੀ ਕਰਦਾ ਹੈ (ਯੂਹੰਨਾ 16:24; ਰੋਮੀਆਂ 8:33-39)।

- ਉਨ੍ਹਾਂ ਲੋਕਾਂ ਨੂੰ ਮਾਫ਼ ਕਰੋ ਜੋ ਸਾਡੇ ਵਿਰੁੱਧ ਪਾਪ ਕਰਦੇ ਹਨ (ਮੱਤੀ 6:14-15; ਅਫ਼. 4:32)।

## ਮੂਸਾ ਬਿਵਸਥਾ ਦੇਣ ਵਾਲੇਦੇ ਸਮੇਂ ਵਿੱਚ ਹੋਈਆਂ ਘਟਨਾਵਾਂ ਅਤੇ ਬਾਅਦ ਵਿੱਚ ਹੋਣ ਵਾਲੀਆਂ ਘਟਨਾਵਾਂ

**ਪਰਮੇਸ਼ੁਰ ਨੇ ਮੂਸਾ ਨੂੰ ਛੁਡਾਉਣ ਵਾਲੇ ਦੇ ਰੂਪ ਵਿੱਚ ਤਿਆਰ ਕੀਤਾ** (ਵਿਸ਼ਾ : ਅਜ਼ਾਦੀ, ਪਾਪ, ਛੁਟਕਾਰਾ, ਸੰਗਤੀ, ਪ੍ਰਭੂ ਭੋਜ, ਰੱਬੀ ਭੋਜ)

*ਪੁਰਾਣਾ ਨੇਮ:* ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਮਿਸਰ ਦੀ ਗੁਲਾਮੀ ਵਿੱਚੋਂ ਕੱਢਣ ਅਤੇ ਨਵੀਂ ਪਵਿੱਤਰ ਕੌਮ ਕਾਇਮ ਕਰਨ ਲਈ ਛੁਡਾਉਣ ਵਾਲੇ ਨੂੰ ਤਿਆਰ ਕੀਤਾ:

- ਮੂਸਾ ਦਾ ਜਨਮ ਚਮਤਕਾਰੀ ਘਟਨਾਵਾਂ ਅਤੇ ਉਸਨੂੰ ਮਾਰਨ ਦੀ ਕੋਸ਼ਿਸ਼ ਨਾਲ ਘਿਰਿਆ ਹੋਇਆ ਸੀ। ਕੂਚ 1-2
- ਪਰਮੇਸ਼ੁਰ ਨੇ ਆਪਣੇ ਲੋਕਾਂ ਦੀ ਅਗਵਾਈ ਕਰਨ ਲਈ ਮੂਸਾ ਨੂੰ ਮਿਦਯਾਨੀ ਲੋਕਾਂ ਦੇ ਦੇਸ਼ ਵਿੱਚ ਤਿਆਰ ਕੀਤਾ। ਆਪਣੇ ਲੋਕਾਂ ਨੂੰ ਅਜ਼ਾਦ ਕਰਨ ਲਈ ਉਸਨੂੰ ਬਲਦੀ ਝਾੜੀ ਵਿੱਚੋਂ ਫਿਰ ਮਿਸਰ ਨੂੰ ਮੁੜ ਆਉਣ ਲਈ ਬੁਲਾਇਆ, ਅਤੇ ਇਸ ਤਰ੍ਹਾਂ ਕਰਨ ਲਈ ਉਸਨੂੰ ਚਮਤਕਾਰ ਕਰਨ ਦੀ ਸਮਰੱਥਾ ਵੀ ਦਿੱਤੀ। ਕੂਚ 2-4
- ਮੂਸਾ ਦਾ ਪਹਿਲਾ ਚਮਤਕਾਰ ਸੀ ਪਾਣੀ ਨੂੰ ਲਹੂ ਵਿੱਚ ਬਦਲਣਾ-ਮਿਸਰ ਦੇ ਝੂਠੇ ਦੇਵਤਿਆਂ ਉੱਤੇ ਇਕ ਸਰਾਪ ਕੂਚ 7:13-25

*ਨਵਾਂ ਨੇਮ :* ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਪਾਪ ਦੀ ਗੁਲਾਮੀ ਵਿੱਚੋਂ ਕੱਢਣ ਲਈ ਇਕ ਮੁਕਤੀਦਾਤਾ ਦਿੱਤਾ।

- ਯਿਸੂ ਦਾ ਜਨਮ ਚਮਤਕਾਰੀ ਘਟਨਾਵਾਂ ਅਤੇ ਉਸ ਨੂੰ ਮਾਰਨ ਦੀ ਕੋਸ਼ਿਸ਼ ਨਾਲ ਘਿਰਿਆ ਹੋਇਆ ਸੀ। ਮੱਤੀ 1:18-25; ਮੱਤੀ 2
- ਯਿਸੂ ਦੀ ਤਿਆਰੀ ਅਤੇ ਬਪਤਿਸਮਾ ਅਤੇ ਪਿਤਾ ਦੁਆਰਾ ਮਾਨਤਾ ਕਿ ਉਹ ਪਰਮੇਸ਼ੁਰ ਦਾ ਪਿਆਰਾ ਪੁੱਤਰ ਹੈ। ਮੱਤੀ 3:13-17
- ਯਿਸੂ ਦਾ ਪਹਿਲਾ ਚਮਤਕਾਰ ਸੀ, ਪਾਣੀ ਨੂੰ ਮੈ ਬਣਾਉਣਾ-ਇਕ ਬਰਕਤ। ਯੂਹੰਨਾ 2

*ਸਾਡਾ ਜਵਾਬ :* ਆਪਣੇ ਮੁਕਤੀਦਾਤਾ ਪ੍ਰਭੂ ਯਿਸੂ ਮਸੀਹ ਤੇ ਭਰੋਸਾ ਕਰਨਾ ਕਿ ਉਹ ਮਾਫ਼ ਕਰਦਾ ਅਤੇ ਪਰਮੇਸ਼ੁਰ ਦੀ ਬਰਕਤ ਲਿਆਉਂਦਾ ਹੈ (ਯੂਹੰਨਾ 3:16)।

**ਪਸਾਹ ਦਾ ਲੇਲਾ** (ਵਿਸ਼ਾ : ਰੱਬੀ ਭੋਜ, ਪ੍ਰਭੂ ਭੋਜ, ਲੇਲੇ ਦਾ ਲਹੂ, ਕੁਰਬਾਨੀ, ਜੀ ਉੱਠਣਾ)

*ਪੁਰਾਣਾ ਨੇਮ :* ਪਰਮੇਸ਼ੁਰ ਨੇ ਇਸਰਾਏਲ ਲਈ ਖ਼ਮੀਰੀ ਰੋਟੀ ਦੇ ਵਰ੍ਹੇ ਦੇ ਪਰਬ ਦਾ ਅਰੰਭ ਕੀਤਾ (ਪਸਾਹ) ਕੂਚ 12 ਧਿਆਨ ਦਿਓ:

- ਇਹ ਉਸਦੇ ਲੋਕਾਂ ਨੂੰ ਯੁੱਗਾਂ ਤੱਕ ਇਹ ਯਾਦ ਰੱਖਣ ਵਿੱਚ ਮਦਦ ਕਰਨ ਲਈ ਸੀ ਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਮਿਸਰ ਦੀ ਗੁਲਾਮੀ ਵਿੱਚੋਂ ਕਿਵੇਂ ਛੁਡਾਇਆ ਸੀ।
- ਮਾਰਨ ਵਾਲੇ ਦੂਤ ਨੇ ਦਰਵਾਜਿਆਂ ਤੇ ਲਹੂ ਲੱਗਾ ਵੇਖਿਆ ਤਾਂ ਉਹ ਉਨ੍ਹਾਂ ਘਰ ਨੂੰ ਛੱਡ ਗਿਆ ਜਿਹੜੇ ਪਰਮੇਸ਼ੁਰ ਤੇ ਵਿਸ਼ਵਾਸ ਕਰਦੇ ਸਨ।

*ਨਵਾਂ ਨੇਮ :* ਯਿਸੂ ਨੇ ਪ੍ਰਭੂ ਭੋਜ ਦਾ ਅਰੰਭ ਇਸ ਗੱਲ ਦੀ ਪੁਸ਼ਟੀ ਕਰਨ ਲਈ ਕੀਤਾ ਕਿ ਉਸਦੇ ਲਹੂ ਵਿੱਚ ਉਸਦਾ ਨਵਾਂ ਨੇਮ ਹੈ। ਲੂਕਾ 22

- ਅਸੀਂ ਯੁੱਗਾਂ ਤੱਕ ਇਸਨੂੰ ਇਹ ਯਾਦ ਕਰਨ ਲਈ ਕਰਦੇ ਹਾਂ ਕਿ ਉਸਨੇ ਕਿਵੇਂ ਆਪਣਾ ਲਹੂ ਵਹਾ ਕੇ ਸਾਨੂੰ ਪਾਪ ਤੋਂ ਅਜ਼ਾਦ ਕੀਤਾ ਹੈ।

*ਸਾਡਾ ਜਵਾਬ :* ਜਦੋਂ ਅਸੀਂ ਇਸ ਨਵੇਂ ਪਸਾਹ ਦੇ ਪਰਬ ਨੂੰ ਮਨਾਉਂਦੇ ਹਾਂ ਤਾਂ ਅਸੀਂ ਯਿਸੂ ਦੀ ਦੇਹ ਅਤੇ ਲਹੂ ਵਿੱਚ ਹਿੱਸਾ ਲੈਂਦੇ ਹਾਂ (1 ਕੁਰਿੰ. 10:16-17)

**ਗੁਲਾਮੀ ਤੋਂ ਅਜ਼ਾਦੀ** (ਵਿਸ਼ਾ : ਗੁਲਾਮੀ, ਜੀ ਉੱਠਣਾ, ਅਵਿਨਾਸ਼ਤਾ, ਲਾਲ ਸਮੁੰਦਰ)

*ਪੁਰਾਣਾ ਨੇਮ :* ਪਰਮੇਸ਼ੁਰ ਨੇ ਲਾਲ ਸਮੁੰਦਰ ਰਾਹੀਂ ਇਸਰਾਏਲ ਨੂੰ ਗੁਲਾਮੀ ਵਿੱਚੋਂ ਬਾਹਰ ਕੱਢਿਆ; ਇਹ ਚਮਤਕਾਰ ਪੁਰਾਣੇ ਨੇਮ ਲਈ ਇਤਿਹਾਸਿਕ ਆਧਾਰ ਸੀ। ਕੂਚ 12-13

*ਨਵਾਂ ਨੇਮ :* ਯਿਸੂ ਆਪਣੇ ਮੁਰਦਿਆਂ ਵਿੱਚੋਂ ਜੀ ਉੱਠਣ ਰਾਹੀਂ ਸਾਨੂੰ ਮੌਤ ਅਤੇ ਪਾਪ ਦੀ ਗੁਲਾਮੀ ਵਿੱਚੋਂ ਬਾਹਰ ਕੱਢਦਾ ਹੈ। ਲੂਕਾ 24

- ਮਸੀਹ ਸਾਨੂੰ ਸਦੀਪਕ ਜੀਵਨ ਦੇਂਦਾ ਹੈ ਕਿਉਂਕਿ ਵਿਸ਼ਵਾਸੀ ਉਸਦੇ ਜੀ ਉੱਠਣ ਵਿੱਚ ਸਾਂਝੀ ਹੁੰਦੇ ਹਨ। ਯੂਹੰਨਾ 11

*ਸਾਡਾ ਜਵਾਬ :* ਅਸੀਂ ਅਵਿਨਾਸ਼ਤਾ ਪਾਉਣ ਲਈ ਸਿਰਫ ਮਸੀਹ ਤੇ-ਸਿਰਫ ਇਕੋ ਜਿਹੜਾ  ਜੀਵਨ ਦੇਣ ਵਾਲਾ ਹੈ-ਭਰੋਸਾ ਕਰਦੇ ਹਾਂ (1 ਕੁਰਿੰ. 15)।

**ਪਰਮੇਸ਼ੁਰ ਨੇ ਮੰਨ੍ਹਾਂ ਅਤੇ ਪਾਣੀ ਦਿੱਤਾ** (ਵਿਸ਼ਾ: ਜੀਵਨ ਦਾ ਪਾਣੀ, ਸਦੀਪਕ ਜੀਵਨ, ਮੰਨ੍ਹਾਂ, ਅਵਿਨਾਸ਼ਤਾ, ਜੀਵਨ ਦੀ ਰੋਟੀ, ਸਦੀਪਕ ਜੀਵਨ)

*ਪੁਰਾਣਾ ਨੇਮ :* ਮੂਸਾ ਨੇ ਉਜਾੜ ਵਿੱਚ ਪਰਮੇਸ਼ੁਰ ਦੇ ਚਮਤਕਾਰਾਂ ਰਾਹੀਂ ਭੋਜਨ ਅਤੇ ਪਾਣੀ ਦਿੱਤਾ

- ਪਰਮੇਸ਼ੁਰ ਨੇ ਸਵਰਗ ਤੋਂ ਖਾਣ ਲਈ ਮੰਨ੍ਹਾਂ ਦਿੱਤਾ। ਕੂਚ 17:1-7
- ਪਰਮੇਸ਼ੁਰ ਨੇ ਚੱਟਾਨ ਤੋਂ ਪਾਣੀ ਦਿੱਤਾ। ਗਿਣਤੀ 20;1-12

*ਨਵਾਂ ਨੇਮ :* ਯਿਸੂ ਵਿਸ਼ਵਾਸੀਆਂ ਨੂੰ ਜੀਵਨ ਦੀ ਰੋਟੀ (ਉਸਦਾ ਆਪਣਾ ਸਰੀਰ) ਅਤੇ ਜੀਵਨ ਦਾ ਪਾਣੀ (ਪਵਿੱਤਰ ਆਤਮਾ) ਦੇਂਦਾ ਹੈ:

- ਯਿਸੂ ਨੇ 5,000 ਲੋਕਾਂ ਨੂੰ ਅਚਰਜ ਢੰਗ ਨਾਲ ਰਜਾਇਆ, ਅਤੇ ਫਿਰ ਬਹੁਤ ਲੋਕਾਂ ਨੂੰ ਖੁਸ਼ ਕਰਦਿਆਂ, ਸਵਰਗ ਤੋਂ ਸਦੀਪਕ ਜੀਵਨ ਲਈ ਆਪਣੇ ਸਰੀਰ ਨੂੰ ਰੋਟੀ ਦੇ ਰੂਪ ਵਿੱਚ ਭੇਟ ਕੀਤਾ। ਯੂਹੰਨਾ 6
- ਯਿਸੂ ਨੇ ਸਾਡੇ ਵਿੱਚ ਪਵਿੱਤਰ ਆਤਮਾ ਦੇ ਵਾਸ ਕਰਨ, ਯੂਹੰਨਾ 7:37-39 ਅਤੇ ਸਾਨੂੰ ਸਿਖਾਉਣ, ਯੂਹੰਨਾ 14:15-26 ਦਾ ਵਾਅਦਾ ਦਿੱਤਾ।

*ਸਾਡਾ ਜਵਾਬ:* ਸਵਰਗ ਤੋਂ ਸੱਚੀ ਰੋਟੀ ਦੀ ਭਾਲ ਕਰੋ, ਨਾ ਕਿ ਦੁਨਿਆਵੀ, ਅਤੇ ਪਰਮੇਸ਼ੁਰ ਦੀ ਆਤਮਾ ਪ੍ਰਾਪਤ ਕਰੋ (ਮੱਤੀ 6:31-34; ਯੂਹੰਨਾ 20;21-23)।

**ਪਰਮੇਸ਼ੁਰ ਨੇ ਆਪਣੇ ਲੋਕਾਂ ਲਈ ਚਰਵਾਹੇ ਦਿੱਤੇ** (ਵਿਸ਼ਾ: ਬਜ਼ੁਰਗ, ਯਿਥਰੋ)

*ਪੁਰਾਣਾ ਨੇਮ:* ਪਰਮੇਸ਼ੁਰ ਨੇ ਪੁਰਾਣੇ ਨੇਮ ਵਿੱਚ ਆਪਣੇ ਲੋਕਾਂ ਦੀ ਰਖ਼ਵਾਲੀ ਕਰਨ ਲਈ ਬਜ਼ੁਰਗ ਦਿੱਤੇ। ਕੂਚ 18:12-27

*ਨਵਾਂ ਨੇਮ:* ਪਰਮੇਸ਼ੁਰ ਨੇ ਆਪਣੀਆਂ ਕਲੀਸਿਅ
ਾਵਾਂਦੀਰਖ਼ਵਾਲੀਲਈ ਬਜ਼ੁਰਗ ਦਿੱਤੇ, ਰਸੂਲਾਂ ਦੇ ਕਰਤੱਬ 14 (ਆਇਤ 23 ਤੇ ਧਿਆਨ ਦਿਓ)।

*ਸਾਡਾ ਜਵਾਬ :* ਕਲੀਸਿਯਾ ਸਥਾਪਕਾਂ ਨੇ ਨਵੇਂ ਖੇਤਰਾਂ ਵਿੱਚ ਜਿੱਥੇ ਤਜ਼ਰਬੇਕਾਰ ਆਗੂਆਂ ਦੀ ਘਾਟ ਸੀ, ਬਜ਼ੁਰਗ ਠਹਿਰਾਏ (ਤੀਤੁਸ 1:5-9)।

- ਅਸੀਂ ਉਨ੍ਹਾਂ ਆਗੂਆਂ ਦੀ ਆਗਿਆਕਾਰੀ ਕਰਦੇ ਹਾਂ, ਜਿਹੜੇ ਪਰਮੇਸ਼ੁਰ ਦੀਆਂ ਮੰਡਲੀਆਂ ਵਿੱਚ ਸਾਡੇ ਨਮਿੱਤ ਜਾਗਦੇ ਰਹਿੰਦੇ ਹਨ (ਇਬ. 13:17)

**ਦਸ ਹੁਕਮ** (ਵਿਸ਼ਾ : ਪੁਰਾਣਾ ਨੇਮ, ਨਵਾਂ ਨੇਮ, ਯਿਸੂ ਦੇ ਹੁਕਮ, ਬਿਵਸਥਾ)

*ਪੁਰਾਣਾ ਨੇਮ :* ਪਰਮੇਸ਼ੁਰ ਨੇ ਦਸ ਹੁਕਮ ਪੱਥਰ ਦੀਆਂ ਫੱਟੀਆਂ ਤੇ ਲਿਖੇ-ਇਸਰਾਏਲ ਦੇ ਵਰਤੀਰੇ ਦਾ ਮੂਲ ਆਧਾਰ। ਕੂਚ 19-20; ਕੂਚ 31:18

- ਪਰਮੇਸ਼ੁਰ ਨੇ ਨਵੇਂ ਨੇਮ ਦਾ ਵਾਅਦਾ ਕੀਤਾ-ਉਸਦੇ ਹੁਕਮ ਪੱਥਰ ਦੀ ਬਜਾਏ ਮਨੁੱਖਾਂ ਦੇ ਹਿਰਦਿਆਂ ਵਿੱਚ ਲਿਖੇ ਜਾਣਗੇ। ਯਿਰਮੀਯਾਹ 31:31-34
- ਜਿਨ੍ਹਾਂ ਲੋਕਾਂ ਨੇ ਪੁਰਾਣੇ ਨੇਮ ਦੀ ਬਿਵਸਥਾ ਦੀ ਅਣਆਗਿਆਕਾਰੀ ਕੀਤੀ, ਉਹ ਮਾਰ ਦਿੱਤੇ ਗਏ। ਗਿਣਤੀ 25:1-11

*ਨਵਾਂ ਨੇਮ:* ਯਿਸੂ ਨੇ ਸਾਨੂੰ ਉਸਦੇ ਹੁਕਮਾਂ ਦੀ ਪਾਲਣਾ ਕਰਨ ਲਈ ਕਿਹਾ ਹੈ-ਨਵੇਂ ਨੇਮ ਵਿੱਚ ਸਾਡੇ ਵਰਤੀਰੇ ਦਾ ਮੂਲ ਆਧਾਰ। ਮੱਤੀ 28:18-20

- ਯਿਸੂ ਮਜ਼ਬੂਤ ਨੀਂਹ ਹੈ; ਉਸਦੇ ਵਚਨਾਂ ਦੀ ਆਗਿਆਕਾਰੀ ਹੀ ਸਿਰਫ ਇਕ ਤਰੀਕਾ ਹੈ, ਜਿਸ ਨਾਲ ਅਸੀਂ ਉਸ ਉੱਤੇ ਉਸਰਦੇ ਹਾਂ। ਮੱਤੀ 7:24-29
- ਪਹਿਲੀ ਕਲੀਸਿਯਾ ਨੇ ਯਿਸੂ ਦੇ ਸਾਰੇ ਹੁਕਮਾਂ ਦੀ ਇਨ੍ਹਾਂ ਦੀ ਮੁੱਢਲੇ ਰੂਪ ਵਿੱਚ ਪਾਲਨਾ ਕੀਤੀ। ਰਸੂਲਾਂ ਦੇ ਕਰਤੱਬ 2:37-47
- ਉਨ੍ਹਾਂ ਨੇ ਤੋਬਾ ਕੀਤੀ, ਵਿਸ਼ਵਾਸ ਕੀਤਾ ਅਤੇ ਪਵਿੱਤਰ ਆਤਮਾ ਪ੍ਰਾਪਤ ਕੀਤਾ, ਮਰਕੁਸ 1:15; ਯੂਹੰਨਾ 3:16; 20:22

ਉਨ੍ਹਾਂ ਨੇ ਬਪਤਿਸਮਾ ਲਿਆ ਅਤੇ ਨਵਾਂ ਬਦਲਿਆ ਹੋਇਆ ਜੀਵਨ, ਜਿਸਦਾ ਉਨ੍ਹਾਂ ਵਿੱਚ ਅਰੰਭ ਹੋਇਆ ਸੀ, ਸ਼ੁਰੂ ਕੀਤਾ। ਮੱਤੀ 28:18-20

ਉਹ ਇਕ ਦੂਜੇ ਨੂੰ ਪਿਆਰ ਕਰਦੇ ਸਨ, ਜਿਵੇਂ ਉਨ੍ਹਾਂ ਦੀ ਸੰਗਤੀ ਵਿੱਚ ਅਤੇ ਲੋੜਵੰਦਾਂ ਦੀ ਦੇਖਭਾਲ ਕਰਦਿਆਂ ਵੇਖਿਆ ਗਿਆ ਹੈ। ਪਿਆਰ ਵਿੱਚ, ਪਰਮੇਸ਼ੁਰ, ਸਾਡੇ ਗੁਆਂਢੀ, ਸਾਥੀ ਚੇਲੇ, ਲੋੜਵੰਦ-ਪ੍ਰਯੋਗਿਕ ਰੂਪ ਵਿੱਚ-ਅਤੇ ਦੁਸ਼ਮਣ (ਮਾਫ਼ ਕਰਨਾ) ਸ਼ਾਮਿਲ ਹਨ। ਮੱਤੀ 22:36-40; ਯੂਹੰਨਾ 13:34-35; ਲੂਕਾ 10:25-37; ਮੱਤੀ 5:43-48

ਉਨ੍ਹਾਂ ਰੋਟੀ ਤੋੜੀ (ਪ੍ਰਭੂ ਭੋਜ, ਸਾਡੀ ਅਰਾਧਨਾ ਨਾਲ ਸਬੰਧਿਤ) ਮੱਤੀ 26:26-28; ਯੂਹੰਨਾ 4:24

ਉਨ੍ਹਾਂ ਨੇ ਪ੍ਰਾਰਥਨਾ ਕੀਤੀ (ਇਸ ਵਿੱਚ ਸਾਡੀ ਨਿੱਜੀ ਅਤੇ ਪਰਿਵਾਰਿਕ, ਸਿਫ਼ਾਰਸ਼ੀ ਪ੍ਰਾਰਥਨਾ ਅਤੇ ਆਤਮਿਕ ਯੁੱਧ ਸ਼ਾਮਿਲ ਹੈ), (ਯੂਹੰਨਾ 16:24)

ਉਨ੍ਹਾਂ ਦਾਨ ਦਿੱਤਾ (ਇਸ ਵਿੱਚ ਸਾਡੇ ਗੁਣ, ਖ਼ਜ਼ਾਨੇ ਅਤੇ ਸਮੇਂ ਦੀ ਮੁਖ਼ਤਿਆਰੀ ਸ਼ਾਮਿਲ ਹੈ)। ਲੂਕਾ 6:38

ਉਨ੍ਹਾਂ ਚੇਲੇ ਬਣਾਏ (ਇਸ ਵਿੱਚ, ਮਸੀਹ ਲਈ ਗਵਾਹੀ ਦੇਣਾ, ਰੱਖਵਾਲੀ ਕਰਨਾ, ਵਚਨ ਸਿਖਾਉਣਾ, ਆਗੂਆਂ ਨੂੰ ਸਿੱਖਿਆ ਦੇਣਾ ਅਤੇ ਪ੍ਰਚਾਰਕਾਂ ਨੂੰ ਭੇਜਣਾ ਸ਼ਾਮਿਲ ਹੈ)। ਮੱਤੀ 28:18-20

- ਸਾਡੇ ਲਈ ਯਿਸੂ ਦੇ ਮੁੱਖ ਹੁਕਮ ਹਨ, ਪਰਮੇਸ਼ੁਰ ਅਤੇ ਮਨੁੱਖ ਨੂੰ ਪਿਆਰ ਕਰਨਾ, ਜਿਸ ਉੱਤੇ ਪੁਰਾਣੇ ਨੇਮ ਦੇ ਸਾਰੇ ਹੁਕਮ ਟਿਕੇ ਹੋਏ ਹਨ। ਮੱਤੀ 22:33-40
- ਯਿਸੂ ਨੇ ਫ਼ਰੀਸੀਆਂ ਨੂੰ ਝਿੜਕਿਆ, ਜਿਹੜੇ ਪਰਮੇਸ਼ੁਰ ਦੇ ਹੁਕਮਾਂ ਨੂੰ ਨਜ਼ਰ ਅੰਦਾਜ ਕਰ ਕੇ ਮਨੁੱਖਾਂ ਦੇ ਹੁਕਮਾਂ ਨੂੰ ਲੋਕਾਂ ਤੇ ਥੋਪਦੇ ਸਨ। ਮੱਤੀ 7:1-23; ਮੱਤੀ 23

*ਸਾਡਾ ਜਵਾਬ :* ਹੁਣ ਸਾਡੀ ਅਗਵਾਈ ਪਵਿੱਤਰ ਆਤਮਾ ਕਰਦਾ ਹੈ, ਜਿਹੜਾ ਸਾਡੇ ਵਿੱਚ ਪਵਿੱਤਰਤਾ ਦਾ ਫਲ ਪੈਦਾ ਕਰਦਾ ਹੈ ।(ਰੋਮੀਆਂ 8:3-16; ਗਲਾ. 5:14-26)।

- ਅਸੀਂ ਮੌਤ ਦੇ ਪੁਰਾਣੇ ਨਿਯਮ ਦੇ ਕਾਨੂੰਨਵਾਦ ਨੂੰ ਪਰ੍ਹੇ ਹਟਾ ਕੇ, ਜੀਵਨ ਅਤੇ ਆਜ਼ਾਦੀ ਦੇ ਨਵੇਂ ਨੇਮ ਨੂੰ ਗਲੇ ਲਾਉਂਦੇ ਹਾਂ। (2 ਕੁਰਿੰ. 3:3-18)
- ਪਵਿੱਤਰ ਆਤਮਾ ਨੂੰ ਸਾਨੂੰ, ਸਾਡੇ, ਆਪਣੇ ਪਾਪਾਂ ਬਾਰੇ ਘਾਇਲ ਕਰਨ ਦਿਓ। (ਯੂਹੰਨਾ 16:5-15)।

ਸਬਤ ਦਾ ਆਰਾਮ (ਵਿਸ਼ਾ : ਕਾਨੂੰਨਵਾਦ, ਬਿਵਸਥਾ)

*ਪੁਰਾਣਾ ਨੇਮ:* ਪਰਮੇਸ਼ੁਰ ਦੇ ਪੁਰਾਣੇ ਨੇਮ ਵਿੱਚ ਅਰਾਮ ਅਤੇ ਅਰਾਧਨਾ ਦਾ ਖਾਸ ਦਿਨ ਸੀ:

- ਪੁਰਾਣੀ ਦੁਨਿਆਵੀ ਸਰਿਸ਼ਟੀ ਤੋਂ ਬਾਅਦ ਆਪਣੇ ਅਰਾਮ ਵੱਲ ਵਾਪਸ ਵੇਖਦੇ, ਪਰਮੇਸ਼ੁਰ ਨੇ ਸੱਤਵਾਂ ਦਿਨ ਵੱਖ ਕਰ ਦਿੱਤਾ। ਕੂਚ 20:8-11
- ਪਰਮੇਸ਼ੁਰ ਨੇ ਲੋਕਾਂ ਨੂੰ ਉਸ ਮਨੁੱਖ ਨੂੰ ਮਾਰ ਦੇਣ ਦਾ ਹੁਕਮ ਦਿੱਤਾ, ਜਿਹੜਾ ਸਬਤ ਦੇ ਦਿਨ ਲੱਕੜੀਆਂ ਚੁਗਦਾ ਸੀ: ਗਿਣਤੀ 15:30-36

*ਨਵਾਂ ਨੇਮ :* ਪਰਮੇਸ਼ੁਰ ਦੇ ਨਵੇਂ ਨੇਮ ਵਿੱਚ ਅਰਾਧਨਾ ਦਾ ਖਾਸ ਦਿਨ ਹੈ:

- ਵਿਸ਼ਵਾਸੀ ਹਫ਼ਤੇ ਦੇ ਪਹਿਲੇ ਦਿਨ, ਜਿਸ ਦਿਨ ਯਿਸੂ ਮੁਰਦਿਆਂ ਵਿੱਚੋਂ ਜੀ ਉੱਠਿਆ, ਅੱਗੇ ਨਵੀਂ ਸਦੀਪਕ ਸਰਿਸ਼ਟੀ ਨੂੰ ਵੇਖਦੇ ਹੋਏ, ਅਰਾਧਨਾ ਕਰਦੇ ਹਨ। ਰਸੂਲਾਂ ਦੇ ਕਰਤੱਬ 20:7
- ਯਿਸੂ ਨੇ ਨਵੇਂ ਨੇਮ ਦੀ ਘੋਸ਼ਣਾ ਕੀਤੀ। ਲੂਕਾ 22:13-20

*ਸਾਡਾ ਜਵਾਬ:* ਅਸੀਂ ਨਵੇਂ ਨੇਮ ਦੀ ਪਾਲਣਾ ਕਰਦੇ ਹਾਂ। ਇਹ ਸਾਨੂੰ ਮੌਤ ਦੀ ਬਿਵਸਥਾ, ਜਿਸਨੂੰ ਅਸੀਂ ਪੂਰਾ ਨਹੀਂ ਕਰ ਸਕੇ, ਉਸ ਤੋਂ ਅਜ਼ਾਦ ਕਰਦਾ ਹੈ (2 ਕੁਰਿੰ. 3:6-9)।

- ਅਸੀਂ ਪੁਰਾਣੀ ਬਿਵਸਥਾ ਦੇ ਕਾਨੂੰਨਵਾਦ ,ਜਿਸ ਵਿੱਚ ਖ਼ਤਨੇ ਅਤੇ ਖਾਸ ਦਿਨਾਂ ਨੂੰ ਮੰਨਣ ਦੀ ਮੰਗ ਸੀ, ਨਜ਼ਰ ਅੰਦਾਜ਼ ਕਰਦੇ ਹਾਂ । (ਗਲਾ. 4:8-10; ਗਲਾ. 5:5:14)।
- ਸਾਨੂੰ ਕਿਸੇ ਦਿਨ ਵੀ ਅਰਾਧਨਾ ਕਰਨ ਦੀ ਖੁੱਲ੍ਹ ਹੈ: (ਰੋਮੀਆਂ 14:1-18)।

**ਮੂਰਤੀ ਪੂਜਾ ਨੂੰ ਸਜ਼ਾ ਮਿਲੀ** (ਵਿਸ਼ਾ: ਸੋਨੇ ਦਾ ਬੱਛਾ, ਲਾਲਚ)

*ਪੁਰਾਣਾ ਨੇਮ:* ਪਰਮੇਸ਼ੁਰ ਨੇ ਉਨ੍ਹਾਂ ਲੋਕਾਂ ਨੂੰ ਸਜ਼ਾ ਦਿੱਤੀ ਜਿਨ੍ਹਾਂ ਸੋਨੇ ਦੇ ਵੱਛੇ ਦੀ ਪੂਜਾ ਕੀਤੀ। ਕੂਚ 32

*ਨਵਾਂ ਨੇਮ:* ਪਰਮੇਸ਼ੁਰ ਇਸ ਯੁੱਗ ਦੇ ਅੰਤ ਵਿੱਚ ਉਨ੍ਹਾਂ ਲੋਕਾਂ ਨੂੰ ਭਿਆਨਕ ਬਵਾਂ ਨਾਲ ਮਾਰੇਗਾ , ਜਿਹੜੇ ਮੂਰਤੀਆਂ ਦੀ ਪੂਜਾ ਕਰਦੇ ਹਨ। ਪਰਕਾਸ਼ ਦੀ ਪੋਥੀ 9

*ਸਾਡਾ ਜਵਾਬ :* ਕਿਸੇ ਵੀ ਪ੍ਰਕਾਰ ਦੀ ਮੂਰਤੀਪੂਜਾ ਤੋਂ ਜਿਸ ਵਿੱਚ ਲਾਲਚ ਵੀ ਸ਼ਾਮਿਲ ਹੈ, ਬਚੋ (1 ਕੁਰਿੰ. 10:14; ਕੁਲੁੱ. 3:5)

**ਵਿਸ਼ਵਾਸ ਨਾ ਕਰਨ ਵਾਲੇ ਇਸਰਾਏਲੀ ਉਜਾੜ ਵਿੱਚ ਚਾਲੀ ਸਾਲ ਭਟਕਦੇ ਰਹੇ** (ਵਿਸ਼ਾ: ਅਣਆਗਿਆਕਾਰੀ, ਵਾਅਦਾ ਕੀਤਾ ਹੋਇਆ ਦੇਸ਼, ਅਗ੍ਰਿੱਪਾ)

*ਪੁਰਾਣਾ ਨੇਮ:* ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਵਾਅਦਾ ਕੀਤੇ ਹੋਏ ਦੇਸ਼ ਦੀਆਂ ਬਰਕਤਾਂ ਦੇਣ ਦਾ ਵਾਅਦਾ ਕੀਤਾ, ਪਰ ਨਿਹਚਾ ਦੀ ਕਮੀ ਕਾਰਨ ਉਹ ਇਸ ਉੱਤੇ ਕਬਜ਼ਾ ਕਰਨ ਵਿੱਚ ਅਸਫ਼ਲ ਹੋਏ।

- ਬਾਰ੍ਹਾਂ ਖੋਜੀਆਂ ਨੇ ਦੇਸ ਦੀ ਖੋਜ਼ ਕੀਤੀ, ਪਰੰਤੂ ਲੋਕ ਇਹ ਕਰਨ ਤੋਂ ਡਰੇ ਅਤੇ 40 ਸਾਲ ਉਜਾੜ ਵਿੱਚ ਭਟਕਦੇ ਰਹੇ। ਗਿਣਤੀ 13-14

*ਨਵਾਂ ਨੇਮ:* ਪੌਲੁਸ ਰਸੂਲ ਨੇ ਰਾਜਾ ਅਗ੍ਰਿੱਪਾ ਨੂੰ ਮੁਕਤੀ ਦਾ ਸੰਦੇਸ਼ ਸੁਣਾਇਆ, ਜਿਸਨੇ ਵਿਸ਼ਵਾਸ ਕਰਨ ਤੋਂ ਇਨਕਾਰ ਕਰ ਦਿੱਤਾ। ਰਸੂਲਾਂ ਦੇ ਕਰਤੱਬ 26

*ਸਾਡਾ ਜਵਾਬ :* ਅਸੀਂ ਯਹੋਵਾਹ ਨੂੰ ਭਾਲੀਏ ਜਦ ਤੀਕ ਉਹ ਨਾ ਜਾਏ। ਯਸਾਯਾਹ 55:6-7

ਤੰਬੂ (ਵਿਸ਼ਾ: ਤੰਬੂ, ਪਵਿੱਤਰ ਅਸਥਾਨ, ਜਾਜਕਪਣ, ਪ੍ਰਧਾਨ ਜਾਜਕ, ਯਿਸੂ ਸਾਡਾ ਪ੍ਰਧਾਨ ਜਾਜਕ)

*ਪੁਰਾਣਾ ਨੇਮ:* ਪਰਮੇਸ਼ੁਰ ਨੇ ਮੂਸਾ ਨੂੰ ਇਕ ਤੰਬੂ ਬਣਾਉਣ ਲਈ ਕਿਹਾ, ਜਿੱਥੇ ਸਭ ਤੋਂ ਪਵਿੱਤਰ ਅਸਥਾਨ ਵਿੱਚ ਪਰਮੇਸ਼ੁਰ ਆਪਣੇ ਲੋਕਾਂ ਨਾਲ ਮਿਲੇਗਾ:

- ਪਰਮੇਸ਼ੁਰ ਨੇ ਇਸ ਤੰਬੂ ਦੀ ਬਣਤਰ ਅਤੇ ਜਾਜਕਾਂ ਦੇ ਬਸਤ੍ਰਾਂ ਬਾਰੇ ਸਖ਼ਤ ਹਦਾਇਤਾਂ ਦਿੱਤੀਆਂ। ਕੂਚ 25-31; ਕੂਚ 35-40
- ਲੇਵੀਆਂ ਦੀ ਪੂਰੀ ,ਪੁਸਤਕ ਇਸ ਤੰਬੂ ਵਿੱਚ ਕੁਰਬਾਨੀਆਂ ਅਤੇ ਜਾਜਕਾਂ ਦੀ ਸੇਵਾ ਬਾਰੇ ਵਰਣਨ ਕਰਦੀ ਹੈ।
- ਤੰਬੂ ਦੇ ਤਿੰਨ ਭਾਗ ਸਨ, ਹਰ ਇਕ ਭਾਗ ਦੀ ਸਜਾਵਟ ਦੀ ਹੇਠਾਂ ਸੂਚੀ ਦਿੱਤੀ ਗਈ ਹੈ ਕੂਚ 40

1) *ਅਰਾਧਨਾ ਕਰਨ ਵਾਲਿਆਂ ਲਈ ਬਾਹਰੀ ਵੇਹੜਾ* । ਇਸ ਵਿੱਚ ਇਕ ਹੋਮ ਦੀ ਜਗਦੇਵੀ, ਅਤੇ ਜਾਜਕਾਂ ਦੇ ਧੋਣ ਲਈ ਪਾਣੀ ਦਾ ਤਲਾਬ ਸੀ (ਕੂਚ 38)। ਜਗਦੇਵੀ ਮਸੀਹ ਦੀ ਸਲੀਬ, ਉਸਦੀ ਕੁਰਬਾਨੀ ਜਿਸਨੇ ਸਦੀਪਕ ਮੁਕਤੀ ਪ੍ਰਾਪਤ ਕੀਤੀ ਅਤੇ ਜਾਨਵਰਾਂ ਦੇ ਕੁਰਬਾਨੀਆਂ ਕਰਨ ਦੀ ਲੋੜ ਨੂੰ ਖਤਮ ਕਰ ਦਿੱਤਾ, ਉਸ ਦਾ ਪ੍ਰਤੀਕ ਹੈ। (ਇਬ. 9-10)।

ਤਲਾਬ ਦੀ ਤੁਲਨਾ ਬਪਤਿਸਮੇ ਨਾਲ ਕੀਤੀ ਜਾ ਸਕਦੀ ਹੈ, ਜਿਸ ਵਿੱਚ ਸਾਰੇ ਵਿਸ਼ਵਾਸੀ ਆਪਣੇ ਆਪ ਨੂੰ ਧੋਂਦੇ ਅਤੇ ਨਵੇਂ ਨੇਮ ਦੇ ਜਾਜਕ ਬਣ ਜਾਂਦੇ ਹਨ।

2) *ਸਿਰਫ ਜਾਜਕਾਂ ਲਈ ਪਵਿੱਤਰ ਅਸਥਾਨ* । ਇਸ ਵਿੱਚ 'ਹਜ਼ੂਰੀ ਦੀ ਰੋਟੀ  (ਪ੍ਰਭੂ ਭੋਜ ਦਾ ਪ੍ਰਤੀਕ) ਦੀ ਮੇਜ਼, ਸੋਨੇ ਦਾ ਦੀਵਟ (ਪਵਿੱਤਰ ਆਤਮਾ ਦਾ ਪ੍ਰਤੀਕ) ਜਿਹੜਾ ਤੇਲ ਨਾਲ ਸਦਾ ਜੱਗਦਾ ਰਹਿੰਦਾ ਹੈ, ਅਤੇ ਸੁਗੰਧੀ ਧੂਪ (ਪ੍ਰਾਰਥਨਾ ਦਾ ਪ੍ਰਤੀਕ) ਦੀ ਇਕ ਜਗਦੇਵੀ ਸੀ।

3) *ਸਭ ਤੋਂ ਪਵਿੱਤਰ ਅਸਥਾਨ*-ਇਸ ਅੰਦਰ ਸਿਰਫ ਜਾਜਕ, ਸਾਲ ਵਿੱਚ ਇਕ ਵਾਰ ਦਾਖ਼ਲ ਹੋ ਸਕਦਾ ਸੀ। ਇਕ ਵੱਡਾ ਲਾਲ ਪਰਦਾ, ਜੋ ਮਸੀਹ ਦੇ ਸਰੀਰ ਦਾ ਪ੍ਰਤੀਕ ਹੈ, ਇਸ ਨੂੰ ਵੱਖਰਾ ਕਰਦਾ ਸੀ। ਜਿਸ ਵਿੱਚ ਨੇਮ ਦਾ ਸਭ ਤੋਂ ਪਵਿੱਤਰ ਸੰਦੂਕ ਸੀ, ਇਕ ਅਜਿਹਾ ਸੰਦੂਕ ਜਿਹੜਾ ਉਪਰੋਂ ਸੋਨੇ ਨਾਲ ਜੜਿਆ ਸੀ, ਅਤੇ ਇਸ ਉੱਪਰ ਕਰੂਬੀ (ਪਵਿੱਤਰ ਦੂਤ) ਸਨ। ਪਰਮੇਸ਼ੁਰ ਦਾ ਦਿਸਦਾ ਪਰਤਾਪ ਇਸ ਉੱਤੇ ਚਮਕਦਾ ਸੀ-ਜੋ ਇਸ ਗੱਲ ਦਾ ਸੰਕੇਤ ਕਰਦਾ ਸੀ ਕਿ ਪਰਮੇਸ਼ੁਰ ਦੀ ਹਜ਼ੂਰੀ, ਯਿਸੂ ਦਾ ਪ੍ਰਤੀਕ, ਉਸਦੇ ਲੋਕਾਂ ਵਿੱਚਕਾਰ ਸੀ।

- ਲੋਕ ਤੰਬੂ ਵਿੱਚ ਆਪਣੇ ਪਾਪਾਂ ਲਈ ਅਸਥਾਈ ਪਰਾਸਚਿਤ ਦੇ ਰੂਪ ਵਿੱਚ ਲਹੂ ਦੀਆਂ ਭੇਟਾਂ ਚੜਾਉਂਦੇ ਸਨ। ਕੂਚ 29:36-41
- ਪ੍ਰਧਾਨ ਜਾਜਕ ਦੇ ਪੁੱਤਰਾਂ ਨੇ ਸਭ ਤੋਂ ਪਵਿੱਤਰ ਅਸਥਾਨ ਤੇ, ਬਿਨ੍ਹਾਂ ਲਹੂ ਦੀ ਅਜੀਬ ਅੱਗ ਦੀ ਭੇਟ ਚੜ੍ਹਾਈ ਅਤੇ ਪਰਮੇਸ਼ੁਰ ਨੇ ਉਨ੍ਹਾਂ ਨੂੰ ਮਾਰ ਸੁੱਟਿਆ। ਲੇਵੀਆਂ 10
- ਸਿਰਫ ਪ੍ਰਧਾਨ ਜਾਜਕ ਹੀ ਲੋਕਾਂ ਦੇ ਪਾਪਾਂ ਲਈ ਲਹੂ ਦੀ ਪਰਾਸ਼ਚਿਤ ਵਾਲੀ ਭੇਟ ਕਰਨ ਲਈ ਸਾਲ ਵਿੱਚ ਇੱਕ ਵਾਰ ਸਭ ਤੋਂ ਪਵਿੱਤਰ ਅਸਥਾਨ ਵਿੱਚ ਦਾਖਲ ਹੁੰਦਾ ਸੀ। ਲੇਵੀਆਂ 16
- ਰਾਜਾ ਸੁਲੇਮਾਨ ਨੇ ਕਈ ਸਦੀਆਂ ਬਾਅਦ ਤੰਬੂ ਨੂੰ, ਇਕ ਵੱਡੇ ਚੁੱਕਵੇਂ ਤੰਬੂ ਜਿਸ ਵਿੱਚ ਸ਼ਾਨਦਾਰ ਹੈਕਲ ਸੀ, ਬਦਲ ਦਿੱਤਾ। 1 ਰਾਜਾ 5-6

*ਨਵਾਂ ਨੇਮ :* ਯਿਸੂ, ਆਪਣੀ ਮੌਤ, ਜੀ ਉੱਠਣ, ਸਵਰਗ ਵਿੱਚ ਉਠਾਏ ਜਾਣ ਦੁਆਰਾ, ਸਾਡਾ ਪ੍ਰਧਾਨ ਜਾਜਕ ਬਣਕੇ ਸਵਰਗੀ ਤੰਬੂ ਵਿੱਚ ਦਾਖਿਲ ਹੋਇਆ:

- ਯਿਸੂ, ਮਨੁੱਖ ਬਣਨ ਦੁਆਰਾ, ਦੁੱਖਾਂ ਵਿੱਚ ਪਰਤਾਏ ਜਾਣ ਦੁਆਰਾ ਸਾਡਾ ਸੰਪੂਰਨ ਪ੍ਰਧਾਨ ਜਾਜਕ ਬਣਿਆ। ਇਬ. 2:14-18
- ਯਿਸੂ, ਜਿਹੜਾ ਸਦਾ ਜੀਉਂਦਾ ਹੈ, ਉਸਨੇ ਪੁਰਾਣੇ ਪ੍ਰਧਾਨ ਜਾਜਕ ਅਤੇ ਇਸ ਨਾਲ ਸਬੰਧਿਤ ਸਾਰੀਆਂ ਭੇਟਾਂ ਅਤੇ ਸੇਵਾਵਾਂ ਦਾ ਸਥਾਨ ਲੈ ਲਿਆ। ਇਬ. 7-9

*ਸਾਡਾ ਜਵਾਬ:* ਪੂਰੀ ਨਿਹਚਾ ਅਤੇ ਧੀਰਜ ਨਾਲ ਪਰਮੇਸ਼ੁਰ ਦੇ ਨੇੜੇ ਆਓ ਅਤੇ ਹੋਰਨਾਂ ਵਿਸ਼ਵਾਸੀਆਂ ਨੂੰ ਉਤਸਾਹਿਤ ਕਰੋ (ਇਬ. 10)।

ਸਭ ਤੋਂ ਵੱਡਾ ਹੁਕਮ-ਇਕੋ ਸੱਚੇ ਪਰਮੇਸ਼ੁਰ ਨੂੰ ਪਿਆਰ ਕਰਨਾ (ਵਿਸ਼ਾ: ਬੱਚੇ, ਵਿਆਹ)

ਪੁਰਾਣਾ ਨੇਮ: ਪਰਮੇਸ਼ੁਰ ਇੱਕ ਹੈ-ਅਸੀਂ ਉਸਨੂੰ ਪੂਰੇ ਦਿਲ ਨਾਲ ਪਿਆਰ ਕਰਨਾ ਹੈ ਅਤੇ ਆਪਣੇ ਬੱਚਿਆਂ ਨੂੰ ਉਸਦੇ ਹੁਕਮਾਂ ਦੀ ਪਾਲਨਾ ਕਰਨਾ ਸਿਖਾਉਣਾ ਹੈ। ਬਿਵ. 6:1-9

ਨਵਾਂ ਨੇਮ: ਯਿਸੂ ਨੇ ਵਿਆਹ ਬਾਰੇ ਸਿੱਖਿਆ ਦਿੱਤੀ ਅਤੇ ਛੋਟੇ ਬੱਚਿਆਂ ਨੂੰ ਅਸੀਸ ਦਿੱਤੀ। ਮੱਤੀ 5:31-32; ਮੱਤੀ 19:13-15

ਸਾਡਾ ਜਵਾਬ : ਪਤੀਆਂ ਨੇ ਆਪਣੀਆਂ ਪਤਨੀਆਂ ਨੂੰ ਪਿਆਰ ਕਰਨਾ ਹੈ, ਜਿਹੜੀਆਂ ਪਤੀਆਂ ਅੱਗੇ ਆਪਣੇ ਆਪ ਨੂੰ ਅਧੀਨ ਕਰਦੀਆਂ ਹਨ (ਅਫ਼. 5:21-33)।

- ਪੌਲੁਸ ਨੇ ਬੱਚਿਆਂ ਨੂੰ ਆਪਣੇ ਮਾਤਾ-ਪਿਤਾ ਦੀ ਆਗਿਆ ਮੰਨਣ ਲਈ, ਅਤੇ ਪਿਤਾਵਾਂ ਨੂੰ ਆਪਣੇ ਬੱਚਿਆਂ ਨੂੰ ਨਿਹਚਾ ਵਿੱਚ ਸਿਖਾਉਣ ਦੀ ਸਿੱਖਿਆ ਦਿੱਤੀ (ਅਫ਼. 6:1-4)

ਜਾਦੂਗਰੀ ਦੀ ਮਨਾਹੀ (ਵਿਸ਼ਾ: ਆਤਮਾਵਾਂ, ਤੰਤਰ ਵਿੱਦਿਆ, ਯਿਸੂ ਦੁਸ਼ਟ ਆਤਮਾਵਾਂ ਤੇ ਜਿੱਤ ਪਾਉਂਦਾ ਹੈ, ਭੂਤ, ਸ਼ੈਤਾਨ ਦਾ ਨਾਸ)

ਪੁਰਾਣਾ ਨੇਮ: ਪਰਮੇਸ਼ੁਰ ਨੇ ਮੂਸਾ ਨੂੰ ਜਾਦੂਗਰੀ, ਮੁਰਦਿਆਂ ਨਾਲ ਸੰਪਰਕ ਜਾਂ ਆਤਮਾਵਾਂ ਨਾਲ ਗੱਲਬਾਤ ਕਰਨ ਤੋਂ ਮਨ੍ਹਾ ਕੀਤਾ। ਬਿਵ. 18:9-12

- ਰਾਜਾ ਸ਼ਾਊਲ ਨੇ ਲੜਾਈ ਬਾਰੇ ਏਨਦੋਰ ਦੀ ਜਾਦੂਗਰਨੀ ਕੋਲੋਂ ਸਲਾਹ ਲਈ ਅਤੇ ਪਰਮੇਸ਼ੁਰ ਨੇ ਉਸਦੇ ਰਾਜ ਨੂੰ ਖ਼ਤਮ ਕਰ ਦਿੱਤਾ। 1 ਸਮੂਏਲ 28:6-25; 1 ਸਮੂਏਲ 31

ਨਵਾਂ ਨੇਮ : ਮਸੀਹ ਨੇ ਸ਼ੈਤਾਨ ਸਮੇਤ ਸਾਰੀਆਂ ਦੁਸ਼ਟ ਆਤਮਾਵਾਂ ਉੱਤੇ ਜਿੱਤ ਪਾਈ:

- ਯਿਸੂ ਨੇ ਗਦਰੀਨੀਆਂ ਦੇਸ ਦੇ ਦੋ ਮਨੁੱਖਾਂ ਵਿੱਚੋਂ ਭੂਤ ਕੱਢ ਕੇ ਸੂਰਾਂ ਦੇ ਇੱਜੜ ਵਿੱਚ ਘੱਲੇ, ਹੋਰ ਬਹੁਤ ਸਾਰਿਆਂ ਵਿੱਚੋਂ ਉਸਨੇ ਭੂਤ ਕੱਢੇ। ਮੱਤੀ 8:28-34; ਮੱਤੀ 12:22-32
- ਮਸੀਹ ਆਖ਼ਰੀ ਦਿਨਾਂ ਵਿੱਚ ਸ਼ੈਤਾਨ ਅਤੇ ਉਸਦੇ ਰਾਜ ਨੂੰ ਸਦਾ ਲਈ ਨਾਸ ਕਰ ਦੇਵੇਗਾ। ਪਰਕਾਸ਼ ਦੀ ਪੋਥੀ 12; ਪਰਕਾਸ਼ ਦੀ ਪੋਥੀ 20:1-10

ਸਾਡਾ ਜਵਾਬ : ਸਾਰੀ ਜਾਦੂਗਰੀ ਤੋਂ ਲਾਂਭੇ ਰਹੋ ਅਤੇ ਭੂਤਾਂ ਨਾਲ ਜਕੜੇ ਹੋਏ ਲੋਕਾਂ ਲਈ ਯਿਸੂ ਦੇ ਨਾਮ ਵਿੱਚ ਪ੍ਰਾਰਥਨਾ ਕਰੋ (ਗਲਾ. 5:19-21; ਲੂਕਾ 10:9)।

ਅੱਗ ਨਾਲ ਪਰਖ (ਵਿਸ਼ਾ: ਸਵਰਗ ਵਿੱਚ ਖ਼ਜਾਨਾ, ਸਵਰਗ)

ਪੁਰਾਣਾ ਨੇਮ: ਪਰਮੇਸ਼ੁਰ ਨੇ ਆਪਣੇ ਪਵਿੱਤਰ ਤੰਬੂ ਵਿੱਚੋ ਲੜਾਈ ਵਿੱਚ ਅਪਵਿੱਤਰ ਲੁੱਟ ਦੇ ਮਾਲ ਨੂੰ ਲਿਆਉਣ ਤੋਂ ਮਨ੍ਹਾਂ ਕੀਤਾ; ਮੋਤੀਆਂ ਅਤੇ ਕੀਮਤੀ ਧਾਤਾਂ ਦੀ ਅੱਗ ਵਿੱਚ ਪਰਖ ਹੋਈ : ਗਿਣਤੀ 31

ਨਵਾਂ ਨੇਮ : "ਪਰਮੇਸ਼ੁਰ ਚੇਤਾਵਨੀ ਦੇਂਦਾ ਹੈ ਕਿ ਅਸੀਂ ਸਵਰਗ ਵਿੱਚ ਨਜ਼ਾਇਜ਼ ਮਾਲ ਲੈ ਕੇ ਨਹੀਂ ਜਾ ਸਕਦੇ-ਸਾਡੇ ਕੰਮ ਅੱਗ ਨਾਲ ਪਰਖੇ ਜਾਣਗੇ 1 ਕੁਰਿੰ. 3:10-15

- ਯਿਸੂ ਨੇ ਇਕ ਮੂਰਖ ਧਨੀ ਦੇ ਦ੍ਰਿਸ਼ਟਾਂਤ ਵਿੱਚ ਲਾਲਚ ਅਤੇ ਧੰਨ ਨਾਲ ਚਿੰਬੜੇ ਰਹਿਣ ਵਿਰੁੱਧ ਚੇਤਾਵਨੀ ਦਿੱਤੀ ਹੈ। ਲੂਕਾ 12:14-31

ਸਾਡਾ ਜਵਾਬ : ਧਰਤੀ ਉੱਤੇ ਧੰਨ ਜਮਾਂ ਕਰਨ ਨਾਲੋਂ ਸਵਰਗ ਵਿੱਚ ਆਪਣਾ ਧੰਨ ਜੋੜੋ (ਮੱਤੀ 6:19-21)।

ਬਿਲਆਮ ਦੀ ਈਰਖਾ ਕਰਨ ਵਾਲੀ ਬਰਕਤ (ਵਿਸ਼ਾ : ਬਿਲਆਮ, ਲਾਲਚ, ਲੋਭ, ਪਦਾਰਥਵਾਦ, ਧੰਨ)

ਪੁਰਾਣਾ ਨੇਮ: ਕੁਝ ਲੋਕ ਆਪਣੇ ਧੰਨ ਦਾ ਪ੍ਰਯੋਗ ਪਰਮੇਸ਼ੁਰ ਦੀ ਸੇਵਾ ਲਈ ਕਰਦੇ ਹਨ; ਕੁਝ ਲੋਕ ਇਸਦਾ ਲਾਲਚ ਨਾਲ ਕਰਦੇ ਹਨ ਅਤੇ ਇਸ ਦਾ ਪ੍ਰਯੋਗ ਗਲਤ ਢੰਗ ਜਾਂ ਸੁਆਰਥੀ ਢੰਗ ਨਾਲ ਕਰਦੇ ਹਨ:

- ਬਾਲਾਕ ਨੇ ਇਸਰਾਏਲ ਨੂੰ ਸਰਾਪ ਦੇਣ ਲਈ ਬਿਲਆਮ ਨੂੰ ਪੈਸਾ ਦਿੱਤਾ। ਪਰਮੇਸ਼ੁਰ ਨੇ ਬਿਲਆਮ ਕੋਲੋਂ ਉਨ੍ਹਾਂ ਨੂੰ ਬਰਕਤ ਦਿਵਾਉਣ ਲਈ ਗਧੀ ਅਤੇ ਹੋਰ ਕਈ ਤਰੀਕਿਆਂ ਦਾ ਪ੍ਰਯੋਗ ਕੀਤਾ ਗਿਣਤੀ 22-24
- ਧਨੀ ਨਾਬਾਲ ਨੇ ਲਾਲਚ ਕਰਕੇ ਦਾਊਦ ਦੇ ਸਿਪਾਹੀਆਂ ਨੂੰ ਭੋਜਨ ਤੋਂ ਮਨ੍ਹਾ ਕਰ ਦਿੱਤਾ, ਪਰ ਪਰਮੇਸ਼ੁਰ ਨੇ ਹਾਲਾਤ ਨੂੰ ਬਦਲਿਆ। 1 ਸਮੂਏਲ 25
- ਹਿਜ਼ਕੀਯਾਹ ਰਾਜੇ ਨੇ ਬਾਬਲ ਤੋਂ ਆਏ ਰਾਜਦੂਤਾਂ ਨੂੰ ਪਾਤਸ਼ਾਹੀਆਂ ਵਿਖਾਈਆਂ-ਅਤੇ ਉਨ੍ਹਾਂ ਸਭਨਾਂ ਨੂੰ ਗੁਆ ਦਿੱਤਾ। 2 ਰਾਜਾ 20:12-19
- ਸੁਲੇਮਾਨ ਰਾਜਾ ਕੋਲ ਬਹੁਤ ਧੰਨ ਸੀ, ਬਹੁਤ ਸਾਰੀਆਂ ਪਤਨੀਆਂ ਸਨ, ਅਤੇ ਉਸਨੇ ਹਰ ਪ੍ਰਕਾਰ ਦਾ ਐਸ਼ੋ ਆਰਾਮ ਕੀਤਾ, ਪਰ ਉਸ ਨੇ ਲੱਭਿਆ ਕਿ ਇਹ ਸਭ ਵਿਅਰਥ ਹੈ ਉਪ. 2:1-11

*ਨਵਾਂ ਨੇਮ :* ਯਿਸੂ ਨੇ ਕੁਧਰਮ ਦੀ ਮਾਯਾ ਦੇ ਦ੍ਰਿਸ਼ਟਾਂਤ ਨਾਲ ਚੇਤਾਵਨੀ ਦਿੱਤੀ, ਜਿਸ ਵਿੱਚ ਇਕ ਸੁਆਰਥੀ ਧਨੀ ਮਨੁੱਖ ਸੀ, ਜਿਸਨੂੰ ਨਰਕ ਵਿੱਚ ਸੁਰਤ ਆਈ ਲੂਕਾ।16:19-31

*ਸਾਡਾ ਜਵਾਬ :* ਵਿਸ਼ਵਾਸੀ ਜਿਨ੍ਹਾਂ ਕੋਲ ਧੰਨ ਹੈ, ਜਾਂ ਜਿਹੜੇ ਇਸਦੀ ਲਾਲਸਾ ਕਰਦੇ ਹਨ, ਪਰਮੇਸ਼ੁਰ ਦੀ ਚੇਤਾਵਨੀ ਵੱਲ ਧਿਆਨ ਦੇਣ ਕਿ ਇਹ ਸਾਨੂੰ ਦੁੱਖ ਪਹੁੰਚਾਏਗਾ। (ਯਾਕੂਬ 5:1-6)

## ਬਾਅਦ ਵਿੱਚ ਹੋਣ ਵਾਲੀਆਂ ਘਟਨਾਵਾਂ ਦੇ ਸਮਾਨ ਇਸਰਾਏਲ ਦੇ ਨਿਆਈਆਂ ਦੇ ਸਮੇਂ ਦੌਰਾਨ ਹੋਣ ਵਾਲੀਆਂ ਘਟਨਾਵਾਂ

### ਯਹੋਸ਼ੁਆ ਨੇ ਵਾਅਦਾ ਕੀਤੇ ਹੋਏ ਦੇਸ ਉੱਤੇ ਜਿੱਤ ਪਾਈ (ਵਿਸ਼ਾ : ਯੁੱਧ, ਕਲੀਸਿਯਾ ਸਥਾਪਨਾ, ਪ੍ਰਚਾਰਕ)

*ਪੁਰਾਣਾ ਨੇਮ:* ਯਹੋਸ਼ੁਆ ਨੇ ਪਰਮੇਸ਼ੁਰ ਲਈ, ਪਰਾਈਆਂ ਕੌਮਾਂ ਦੇ ਦੇਸ਼ ਨੂੰ ਜਿਨ੍ਹਾਂ ਵਾਅਦਾ ਕੀਤੇ ਹੋਏ ਦੇਸ਼ ਤੇ ਕਬਜ਼ਾ ਕੀਤਾ ਸੀ, ਯੁੱਧ ਵਿੱਚ ਹਰਾ ਕੇ ਜਿੱਤ ਪਾਈ:

- ਪਰਮੇਸ਼ੁਰ ਨੇ ਯਹੋਸ਼ੂਆ ਕਉਂ ਨੂੰ ਹੌਂਸਲਾ ਰੱਖਣ ਅਤੇ ਵਾਅਦਾ ਕੀਤੇ ਹੋਏ ਦੇਸ਼ ਵਿੱਚੋਂ ਮੂਰਤੀਪੂਜਕ ਦੇਸ਼ਾਂ ਨੂੰ ਬਾਹਰ ਕੱਢਣ ਦਾ ਹੁਕਮ ਦਿੱਤਾ ।ਯਹੋਸ਼ੂਆ 1:1-11
- ਪਰਾਈਆਂ ਕੌਮਾਂ ਦਾ ਸ਼ਹਿਰ ਯਰੀਹੋ ਡਿੱਗ ਗਿਆ। ਯਹੋਸ਼ੁਆ 6
- ਪਰਮੇਸ਼ੁਰ ਨੇ ਯਹੋਸ਼ੂਆ ਣਦੀ ਸੈਨਾ ਨੂੰ ਧੋਖੇਬਾਜ ਦੀ ਮੂਰਤੀਪੂਜਾ ਕਾਰਨ ਅਸਥਾਈ ਰੂਪ ਵਿੱਚ ਹਾਰਨ ਦਿੱਤਾ। ਯਹੋਸ਼ੂਆ 7-8
- ਯਹੋਸ਼ੂਆ ਨੇ ਦੇਸ਼ ਉੱਤੇ ਕਬਜ਼ਾ ਕਰਨ ਲਈ ਸੈਨਾ ਦੇ ਯੁੱਧ ਵਿੱਚ ਬਹੁਤ ਸਾਰੇ ਤਾਕਤਵਰ ਰਾਜਿਆਂ ਨੂੰ ਹਰਾਇਆ। ਯਹੋਸ਼ੂਆ 9-11

*ਨਵਾਂ ਨੇਮ :* ਰਸੂਲਾਂ ਨੇ ਪਰਮੇਸ਼ੁਰ ਲਈ, ਸ਼ੈਤਾਨ ਨੂੰ ਹਰਾ ਕੇ ਜਿੱਤ ਪਾਈ, ਜਦੋਂ ਉਹ ਸੰਸਾਰ ਦੇ ਪਰਾਈਆਂ ਕੋਮਾਂ ਦੇ ਲੋਕਾਂ ਕੋਲ ਖੁਸ਼ਖਬਰੀ ਲੈ ਕੇ ਗਏ।

- ਅੰਤਾਕਿਯਾ ਦੀ ਕਲੀਸਿਯਾ ਨੇ ਆਗਿਆ ਦੇ ਕੇ ਪਹਿਲੀ ਵਾਰ ਲੰਬੇ ਸਮੇਂ ਲਈ ਪ੍ਰਚਾਰਕਾਂ ਨੂੰ ਭੇਜਿਆ। ਰਸੂਲਾਂ ਦੇ ਕਰਤੱਬ 13:1-3
- ਪੌਲੁਸ ਅਤੇ ਬਰਨਾਬਾਸ, ਦੂਰ ਦੁਰਾਡੇ ਦੇਸ਼ਾਂ ਅਤੇ ਹੋਰ ਸਭਿਆਚਾਰ ਦੇ ਲੋਕਾਂ ਵਿੱਚ ਪ੍ਰਚਾਰ ਕਰਨ ਲਈ, ਪਹਿਲੀ ਲੰਬੀ ਯਾਤਰਾ ਤੇ ਗਏ। ਰਸੂਲਾਂ ਦੇ ਕਰਤੱਬ 13-14; ਰਸੂਲਾਂ ਦੇ ਕਰਤੱਬ 16-21
- ਪੌਲੁਸ ਨੇ ਯਹੂਦੀ ਆਗੂਆਂ ਅਤੇ ਨਾਸਤਕ ਸ਼ਾਸਕਾਂ ਫ਼ੇਸਤੁਸ ਅਤੇ ਅਗ੍ਰਿੱਪਾ ਅੱਗੇ ਯਿਸੂ ਦੀ ਘੋਸ਼ਣਾ ਕੀਤੀ, ਹਾਲਾਂਕਿ ਇਸ ਦਾ ਸਿੱਧਾ ਮਤਲਬ ਸੀ ਜ਼ੇਲ੍ਹ ਵਿੱਚ ਜਾਣਾ। ਰਸੂਲਾਂ ਦੇ ਕਰਤੱਬ 20-26

*ਸਾਡਾ ਜਵਾਬ :* ਰਸੂਲ ਜਿਹੜੇ ਪਰਮੇਸ਼ੁਰ ਨੇ ਤੁਹਾਡੇ ਝੁੰਡ ਨੂੰ ਦਿੱਤੇ ਹਨ, ਉਨ੍ਹਾਂ ਨੂੰ ਵਿਸਰੇ ਖੇਤਰਾਂ ਵਿੱਚ ਭੇਜੋ (ਅਫ਼. 4:11-12; ਰਸੂਲਾਂ ਦੇ ਕਰਤੱਬ 1:8)।

- ਅੱਜ ਦੇ ਰਸੂਲ, ਸ਼ੈਤਾਨ ਨੂੰ ਭਜਾ ਰਹੇ ਹਨ ਜਦ ਕਿ ਪਰਮੇਸ਼ੁਰ ਆਪਣਾ ਰਾਜ ਇਸ ਸੰਸਾਰ ਵਿੱਚ ਫੈਲਾ ਰਿਹਾ ਹੈ ।(ਪਰਕਾਸ਼ ਦੀ ਪੋਥੀ 15:4)।
- ਪਰਮੇਸ਼ੁਰ ਦੇ ਦੁਸ਼ਮਣਾਂ ਦਾ ਸਾਹਮਣਾ ਹੌਂਸਲੇ ਨਾਲ ਕਰੋ ਅਤੇ ਉਨ੍ਹਾਂ ਦੁਖਾਂ ਨੂੰ ਸਹਿ ਲਵੋ ਜੋ ਇਹ ਆਪਣੇ ਨਾਲ ਲਿਆਉਂਦੇ ਹਨ (ਮੱਤੀ 10:16-42)।

### ਇਸਰਾਏਲ ਦੇ ਪਰਮੇਸ਼ੁਰ ਦੁਆਰਾ ਪਰਾਈਆਂ ਕੌਮਾਂ ਨੇ ਬਰਕਤ ਪਾਈ (ਵਿਸ਼ਾ: ਰਾਹਾਬ, ਪਰਾਈਆਂ ਕੌਮਾਂ ਦੇ ਲੋਕ ਪਰਮੇਸ਼ੁਰ ਦੀ ਕੌਮ ਵਿੱਚ ਲਿਆਂਦੇ ਗਏ, ਮਸੀਹ ਦੀ ਕਲੀਸਿਯਾ ਵਿੱਚ ਸਾਰੀਆਂ ਕੌਮਾਂ ਸ਼ਾਮਿਲ ਹਨ)

*ਪੁਰਾਣਾ ਨੇਮ:* ਪਰਮੇਸ਼ੁਰ ਨੇ ਪੁਰਾਣੇ ਨੇਮ ਵਿੱਚ ਆਪਣੇ ਲੋਕ ਇਸਰਾਏਲੀਆਂ ਵਿੱਚ, ਪਰਾਈਆਂ ਕੌਮਾਂ ਦੇ ਵਫ਼ਾਦਾਰ ਲੋਕਾਂ ਨੂੰ ਲਿਆਂਦਾ ਅਤੇ ਸ਼ਾਮਿਲ ਕੀਤਾ:

- ਕਨਾਨੀ ਬੇਸਵਾ ਰਾਹਾਬ ਨੇ ਨਿਹਚਾ ਨਾਲ ਪਰਮੇਸ਼ੁਰ ਦੇ ਖੋਜੀਆਂ ਨੂੰ ਲੁਕਾਇਆ, ਅਤੇ ਬਚ ਗਈ ਜਦੋਂ ਯਰੀਹੋ ਸ਼ਹਿਰ ਡਿੱਗਾ। ਯਹੋਸ਼ੁਆ 2; ਯਹੋਸ਼ੁਆ 6:17
- ਮੋਆਬ ਦੇਸ਼ ਦੀ ਵਿਧਵਾ ਰੂਥ, ਆਪਣੀ ਸੱਸ ਦੇ ਪਿਆਰ ਨਾਓਮੀ ਕਰਕੇ ਇਸਰਾਏਲ ਵਿੱਚ ਆਈ ਅਤੇ ਪਰਮੇਸ਼ੁਰ ਤੇ ਭਰੋਸਾ ਕੀਤਾ। ਰੂਥ ਅਤੇ ਨਾਓਮੀ ਦੋਹਾਂ ਦਾ ਨਾਮ ਮਸੀਹ ਦੀ ਕੁੱਲਪਤ੍ਰੀ ਵਿੱਚ ਦਿੱਤਾ ਗਿਆ; ਰੂਥ, ਦਾਊਦ ਰਾਜਾ ਦੀ ਪੜਦਾਦੀ ਸੀ। ਰੂਥ–ਇਕ ਸੁੰਦਰ ਪ੍ਰੇਮ ਕਹਾਣੀ।
- ਆਰਾਮ ਦੇ ਸੈਨਾਪਤੀ ਨਅਮਾਨ ਨੇ, ਆਪਣੇ ਘਮੰਡ ਉੱਤੇ ਫਤਹ ਪਾਉਣ ਤੋਂ ਬਾਅਦ, ਯਰਦਨ ਨਦੀ ਵਿੱਚ ਚੁੱਭੀਆਂ ਮਾਰੀਆਂ ਅਤੇ ਪਰਮੇਸ਼ੁਰ ਨੇ ਉਸਨੂੰ ਉਸਦੇ ਕੋੜ੍ਹ ਤੋਂ ਚੰਗਾ ਕੀਤਾ। 2 ਰਾਜਾ 5

*ਨਵਾਂ ਨੇਮ:* ਮਸੀਹ ਦੀ ਕਲੀਸਿਯਾ ਸਾਰੀਆਂ ਕੌਮਾਂ ਦੇ ਲੋਕਾਂ ਨੂੰ ਗਲੇ ਲਾਉਂਦੀ ਹੈ:

- ਯਿਸੂ ਨੇ ਸੈਦਾ ਦੇ ਇਲਾਕੇ ਦੀ ਕਨਾਨੀ ਤੀਵੀਂ ਦੀ ਨਿਹਚਾ ਨੂੰ ਪਰਤਾਇਆ ਅਤੇ ਫਿਰ ਉਸ ਦਾ ਫਲ ਦਿੱਤਾ। ਮੱਤੀ 15:21-28
- ਯਿਸੂ ਨੇ ਸੂਬੇਦਾਰ ਦੀ ਨਿਹਚਾ ਕਾਰਨ ਰੋਮੀ ਸੂਬੇਦਾਰ ਦੇ ਨੌਕਰ ਨੂੰ ਚੰਗਾ ਕੀਤਾ। ਲੂਕਾ 7:1-10
- ਪੌਲੁਸ ਰਸੂਲ ਨੇ ਬਹੁਤ ਸਾਰੇ ਦੇਸ਼ਾਂ ਵਿੱਚ ਪ੍ਰਚਾਰ ਲਈ ਯਾਤਰਾਵਾਂ ਕੀਤੀਆਂ। ਰਸੂਲਾਂ ਦੇ ਕਰਤੱਬ 13-14; ਰਸੂਲਾਂ ਦੇ ਕਰਤੱਬ 17-20

*ਸਾਡਾ ਜਵਾਬ :* ਯਿਸੂ ਨੇ ਸਾਨੂੰ ਪ੍ਰਚਾਰ ਕਰਨ ਅਤੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਉਣ ਦਾ ਹੁਕਮ ਦਿੱਤਾ ਹੈ। ਲੂਕਾ 24:46-48; ਮੱਤੀ 28:18-20

ਗਿਦਾਊਨ ਨੇ ਕਮਜ਼ੋਰੀ ਵਿੱਚ ਬਲ ਪਾਇਆ (ਵਿਸ਼ਾ : ਗਿਦਾਊਨ, ਦਾਊਦ ਨੇ ਗੋਲੀਅਥ ਨੂੰ ਮਾਰਿਆ, ਪਤਰਸ ਦਾ ਇਨਕਾਰ, ਆਤਮਿਕ ਯੁੱਧ)

*ਪੁਰਾਣਾ ਨੇਮ :* ਪਰਮੇਸ਼ੁਰ ਨੇ ਪੁਰਾਣੇ ਨੇਮ ਵਿੱਚ ਬਲਵਾਨਾਂ ਨੂੰ ਹਰਾਉਣ ਲਈ ਕਮਜ਼ੋਰ ਮਨੁੱਖਾਂ ਦਾ ਪ੍ਰਯੋਗ ਕੀਤਾ:

- ਗਿਦਾਊਨ ਦੇ 300 ਸਿਪਾਹੀਆਂ ਨੇ ਪਰਮੇਸ਼ੁਰ ਦੇ ਅਨੋਖੇ ਨਿਰਦੇਸ਼ਾਂ ਦੀ ਪਾਲਨਾ ਕੀਤੀ ਅਤੇ ਵੱਡੀ ਸੈਨਾ ਨੂੰ ਹਰਾਇਆ। ਨਿਆਈਆਂ 6-7
- ਦਾਊਦ ਛੋਟਾ ਜਿਹਾ ਮੁੰਡਾ ਸੀ ਜੋ ਅੱਯਾਲੀ ਸੀ, ਉਸਨੇ ਗਾਥੀ ਫਲਿਸਤੀ ਨੂੰ ਹਰਾ ਦਿੱਤਾ। 1 ਸਮੂਏਲ 17

*ਨਵਾਂ ਨੇਮ :* ਪਰਮੇਸ਼ੁਰ ਨੇ ਨਵੇਂ ਨੇਮ ਵਿੱਚ ਮਹਾਨ ਕੰਮ ਕਰਨ ਲਈ, ਕਮਜ਼ੋਰ ਅਤੇ ਦੋਸ਼ੀ ਮਨੁੱਖਾਂ ਦਾ ਪ੍ਰਯੋਗ ਕੀਤਾ:

- ਪਤਰਸ ਨੇ ਯਿਸੂ ਦਾ ਇਨਕਾਰ ਕੀਤਾ, ਪਰ ਬਾਅਦ ਵਿੱਚ ਜਦੋਂ ਉਸਨੇ ਪਵਿੱਤਰ ਆਤਮਾ ਪਾ ਲਿਆ ਤਾਂ ਪਰਮੇਸ਼ੁਰ ਨੇ ਉਸਨੂੰ ਸ਼ਕਤੀਸ਼ਾਲੀ ਢੰਗ ਨਾਲ ਇਸਤੇਮਾਲ ਕੀਤਾ। ਮੱਤੀ 26:31-35, 69-75

*ਸਾਡਾ ਜਵਾਬ:* ਪਰਮੇਸ਼ੁਰ ਅੱਗੇ ਆਪਣੇ ਪਾਪਾਂ ਅਤੇ ਕਮਜ਼ੋਰੀਆਂ ਦਾ ਇਕਰਾਰ ਕਰੋ।

- ਪਰਮੇਸ਼ੁਰ ਦੀ ਸ਼ਕਤੀ ਉੱਤੇ ਭਰੋਸਾ ਕਰੋ, ਨਾ ਕਿ ਮਨੁੱਖ ਦੀ ਬੁੱਧੀ ਅਤੇ ਧੰਨ ਉਤੇ (1 ਕੁਰਿੰ. 1-2)।
- ਬਲ ਪ੍ਰਾਪਤ ਕਰਨ ਲਈ ਪ੍ਰਾਰਥਨਾ ਕਰੋ, ਜਿਵੇਂ ਪੌਲੁਸ ਨੇ ਕਿਹਾ, "ਉਸ ਦੇ ਵਿੱਚ ਜੋ ਮੈਨੂੰ ਬਲ ਦਿੰਦਾ ਹੈ, ਮੈਂ ਸੱਭੋ ਕੁਝ ਕਰ ਸਕਦਾ ਹਾਂ" (ਫ਼ਿਲਿੱ. 4:13)।
- ਆਤਮਿਕ ਔਜ਼ਾਰਾਂ ਅਤੇ ਹਥਿਆਰਾਂ ਦਾ, ਜਿਹੜੇ ਪਰਮੇਸ਼ੁਰ ਦੇਂਦਾ ਹੈ, ਪ੍ਰਯੋਗ ਕਰਕੇ ਆਤਮਿਕ ਯੁੱਧ ਲੜੋ (ਅਫ਼. 6:10-18)।

ਰੂਥ (ਵਿਸ਼ਾ : ਆਗੂ ਔਰਤਾਂ, ਔਰਤਾਂ ਦਾ ਸਤਿਕਾਰ)

*ਪੁਰਾਣਾ ਨੇਮ :* ਪਰਮੇਸ਼ੁਰ ਨੇ ਰੂਥ, ਦਬੋਰਾਹ ਅਤੇ ਅਸਤਰ ਵਰਗੀਆਂ ਵਫ਼ਾਦਾਰ ਔਰਤਾਂ ਨੂੰ ਆਪਣਾ ਕੰਮ ਕਰਨ ਦੇ ਯੋਗ ਬਣਾਇਆ:

- ਦਬੋਰਾਹ ਨੇ ਇਸਰਾਏਲ ਨੂੰ ਅਜ਼ਾਦ ਕਰਾਉਣ ਲਈ ਲੜਾਈ ਵਿੱਚ ਦਲੇਰ ਫੌਜ ਦੀ ਅਗਵਾਈ ਕੀਤੀ। ਨਿਆਈਆਂ 4-5, *ਰੂਥ ਅਤੇ ਅਸਤਰ ਦੀਆਂ ਪੁਸਤਕਾਂ ਵੀ ਵੇਖੋ* ।

*ਨਵਾਂ ਨੇਮ :* ਪਰਮੇਸ਼ੁਰ ਨੇ ਨਵੇਂ ਨੇਮ ਵਿੱਚ ਆਪਣਾ ਕੰਮ ਲੈਣ ਲਈ ਵਫ਼ਾਦਾਰ ਔਰਤਾਂ ਨੂੰ ਯੋਗ ਬਣਾਇਆ

- ਮਰਿਯਮ ਪ੍ਰਭੂ ਦੀ ਗੋਲੀ ਬਣਨ ਲਈ ਸਹਿਮਤ ਹੋ ਗਈ ਅਤੇ ਉਸਤਤ ਵਾਲੀ ਪ੍ਰਾਰਥਨਾ ਦਾ ਸ਼ਾਨਦਾਰ ਗੀਤ ਗਾਇਆ। ਲੂਕਾ 1:22-56
- ਪ੍ਰਿਸਕਿੱਲਾ ਆਪਣੇ ਪਤੀ ਨਾਲ ਤੰਬੂ ਬਣਾਉਂਦੀ ਸੀ ਅਤੇ ਇਸ ਤਰ੍ਹਾਂ ਉਸ ਨੇ ਬਹੁਤ ਸਾਰੀਆਂ ਕਲੀਸਿਯਾਵਾਂ ਸ਼ੁਰੂ ਕਰਨ ਵਿੱਚ ਮਦਦ ਕੀਤੀ, ਅਤੇ ਅਪੁੱਲੋਸ ਨੂੰ ਸਿੱਖਿਆ ਦਿੱਤੀ। ਰਸੂਲਾਂ ਦੇ ਕਰਤੱਬ 18
- ਦੋਰਕਸ ਗਰੀਬਾਂ ਲਈ ਬਸਤਰ ਬਣਾਉਂਦੀ ਸੀ। ਰਸੂਲਾਂ ਦੇ ਕਰਤੱਬ 9:36-43

*ਸਾਡਾ ਜਵਾਬ:*

- ਪਤਵੰਤ ਔਰਤਾਂ ਦਾ ਸਤਿਕਾਰ ਕਰੋ, ਅਤੇ ਨਿਹਚਾ ਵਾਲੀਆਂ ਪਵਿੱਤਰ ਔਰਤਾਂ ਦੀ ਪ੍ਰਸ਼ੰਸਾ (ਕਹਾਉਤਾਂ 31:10-31; ਅਫ਼. 5:21-33)।
- ਮਸੀਹੀ ਔਰਤਾਂ ਨੂੰ ਸੇਵਕਾਈ ਕਰਨ ਲਈ ਉਤਸਾਹਿਤ ਕਰੋ ਜਿਸ ਲਈ ਪਰਮੇਸ਼ੁਰ ਨੇ ਉਨ੍ਹਾਂ ਨੂੰ ਵਰਦਾਨ ਦਿੱਤਾ ਹੈ (ਉਦਾਹਰਣ: ਫ਼ਿਲਿੱਪੁਸ ਦੀ ਧੀ, ਰਸੂਲਾਂ ਦੇ ਕਰਤੱਬ 21:8-9)।

**ਫਲਿਸਤੀਆਂ ਨੇ ਸਭ ਤੋਂ ਪਵਿੱਤਰ ਸੰਦੂਕ ਤੇ ਕਬਜ਼ਾ ਕਰ ਲਿਆ** (ਵਿਸ਼ਾ : ਸਜ਼ਾ, ਦੁੱਖ, ਨੇਮ ਦਾ ਸੰਦੂਕ, ਇਸਤੀਫ਼ਾਨ, ਸਤਾਓ, ਸ਼ਹੀਦ)

*ਪੁਰਾਣਾ ਨੇਮ:* ਪਰਮੇਸ਼ੁਰ ਨੇ ਆਪਣੇ ਗਲਤੀ ਕਰਨ ਵਾਲੇ ਬੱਚਿਆਂ ਨੂੰ ਬੁਰੇ ਲੋਕਾਂ ਦੁਆਰਾ ਸਜਾ ਪਾਉਣ ਦਿੱਤੀ, ਅਤੇ ਧਰਮੀ ਲੋਕਾਂ ਨੂੰ ਉਨ੍ਹਾਂ ਦੀ ਭਲਾਈ ਲਈ ਦੁੱਖ ਉਠਾਉਣ ਦਿੱਤਾ:

- ਨਿਆਈਆਂ ਦੀ ਪੁਸਤਕ ਸਾਨੂੰ ਉਦਾਹਰਣਾਂ ਦੇਂਦੀ ਹੈ ਕਿ ਕਿਵੇਂ ਪਰਮੇਸ਼ੁਰ ਦੇ ਲੋਕ ਮੂਰਤੀ ਪੂਜਾ ਅਤੇ ਹੋਰਨਾਂ ਪਾਪਾਂ ਨੇ ਵਿੱਚ ਡਿੱਗ ਪਏ, ਅਤੇ ਫਿਰ ਪਰਮੇਸ਼ੁਰ ਨੇ ਪਰਾਈਆਂ ਕੌਮਾਂ ਨੂੰ ਉਨ੍ਹਾਂ ਉੱਤੇ ਅੱਤਿਆਚਾਰ ਕਰਨ ਦਿੱਤਾ। ਜਦੋਂ ਉਨ੍ਹਾਂ ਤੋਬਾ ਕੀਤੀ ਅਤੇ ਮੁੜੇ, ਪਰਮੇਸ਼ੁਰ ਨੇ ਉਨ੍ਹਾਂ ਲਈ ਛੁਡਾਉਣ ਵਾਲਾ ਭੇਜਿਆ ਅਤੇ ਉਹ ਸ਼ਾਂਤੀ ਵਿੱਚ ਰਹੇ-ਜਦ ਤੱਕ ਉਨ੍ਹਾਂ ਫਿਰ ਦੁਬਾਰਾ ਪਾਪ ਨਹੀਂ ਕੀਤਾ।
- ਸਮਸੂਨ ਦੀ ਨੈਤਿਕ ਕਮਜ਼ੋਰੀ ਦੇ ਬਾਵਜੂਦ, ਪਰਮੇਸ਼ੁਰ ਨੇ ਉਸ ਨੂੰ, ਇਸਰਾਏਲ ਨੂੰ, ਫ਼ਿਲਸਤੀਆਂ ਤੋਂ ਜਿਹੜੇ ਮੂਰਤੀਪੂਜਕ ਸਨ, ਅਜ਼ਾਦ ਕਰਨ ਲਈ ਇਸਤੇਮਾਲ ਕੀਤਾ। ਨਿਆਈਆਂ 14-16
- ਫ਼ਿਲਸਤੀਆਂ ਨੇ ਸੰਦੂਕ ਤੇ ਕਬਜ਼ਾ ਕਰਕੇ ਇਸਨੂੰ ਦਾਗੋਨ ਦੇ ਮੰਦਰ ਵਿੱਚ ਰੱਖਿਆ। ਤਿੰਨ ਦਿਨ ਬਾਅਦ ਦਾਗੋਨ ਦਾ ਸਿਰ ਟੁੱਟ ਗਿਆ, ਜਿਵੇਂ ਯਿਸੂ ਮੌਤ ਵਿੱਚ ਪੁਰਾਣੇ ਸੱਪ ਸ਼ੈਤਾਨ ਦੇ ਖੇਤਰ ਵਿੱਚ ਦਾਖਿਲ ਹੋਇਆ, ਪਰ ਬੰਧੂਆਂ ਨੂੰ ਅਜ਼ਾਦ ਕਰਨ ਲਈ ਉਸਦਾ ਸਿਰ ਕੁਚਲਿਆ ਅਤੇ ਤੀਜ਼ੇ ਦਿਨ ਜਿੰਦਾ ਹੋ ਗਿਆ। ਗਊਆਂ ਨੇ, ਜਿਨ੍ਹਾਂ ਦੀ ਅਗਵਾਈ ਕੋਈ ਮਨੁੱਖ ਨਹੀਂ ਕਰ ਰਿਹਾ ਸੀ, ਇਸਰਾਏਲ ਦੇ ਸੰਦੂਕ ਨੂੰ ਵਾਪਸ ਲੈ ਆਈਆਂ, ਜਿਵੇਂ ਜੇਤੂ ਮਸੀਹ ਜੀ ਉੱਠਣ ਤੋਂ ਬਾਅਦ ਆਪਣੇ ਚੇਲਿਆਂ ਸਾਹਮਣੇ ਪ੍ਰਗਟ ਹੋਇਆ ਅਤੇ ਪਰਤਾਪ ਵਿੱਚ ਸਵਰਗ ਨੂੰ ਉਠਾਇਆ ਗਿਆ। 1 ਸਮੂਏਲ 4-6
- ਅੱਯੂਬ ਬਹੁਤ ਧਰਮੀ ਮਨੁੱਖ ਸੀ ਪਰ ਉਸਨੇ ਬਹੁਤ ਦੁੱਖ ਉਠਾਏ। ਉਸਨੇ ਪਰਮੇਸ਼ੁਰ ਅੱਗੇ ਪ੍ਰਸ਼ਨ ਕੀਤਾ, ਪਰ ਕਦੀ ਵੀ ਪਰਮੇਸ਼ੁਰ ਦੇ ਵਿਰੁੱਧ ਨਹੀਂ ਹੋਇਆ, ਅੱਯੂਬ 1-42 (ਇਹ ਬਹੁਤ ਹੀ ਲੰਬੀ ਕਹਾਣੀ ਹੈ ਅਤੇ ਇਸਨੂੰ ਭਾਗਾਂ ਵਿੱਚ ਸਿਖਾਇਆ ਜਾਂ ਇਸਦਾ ਖੁਲਾਸਾ ਕੀਤਾ ਜਾ ਸਕਦਾ ਹੈ। ਅੱਯੂਬ ਦੇ ਮੁੱਖ ਅਧਿਆਏ ਹਨ 1-4 ਅਤੇ 40-42)।

*ਨਵਾਂ ਨੇਮ :* ਪਰਮੇਸ਼ੁਰ ਹੁਣ ਸਾਨੂੰ ਦੁੱਖ ਉਠਾਉਣ ਦੇਂਦਾ ਹੈ, ਤਾਂ ਜੋ ਅਸੀਂ ਬਾਅਦ ਵਿੱਚ ਪਰਮੇਸ਼ੁਰ ਦੇ ਪਰਤਾਪ ਦੇ ਸਾਂਝੀ ਹੋ ਸਕੀਏ; ਪਰਮੇਸ਼ੁਰ ਉਨ੍ਹਾਂ ਨੂੰ ਸਜ਼ਾ ਦੇਂਦਾ ਹੈ ਜਿਹੜੇ ਉਸਦੇ ਬੱਚਿਆਂ ਤੇ ਅੱਤਿਆਚਾਰ ਕਰਦੇ ਹ।

- ਹੇਰੋਦੇਸ ਨੇ ਯੂਹੰਨਾ ਬਪਤਿਸਮਾ ਦੇਣ ਵਾਲੇ ਦਾ ਸਿਰ ਵਢਵਾ ਦਿੱਤਾ ਅਤੇ ਯਾਕੂਬ ਅਤੇ ਹੋਰਨਾਂ ਦੀ ਹੱਤਿਆ ਕੀਤੀ, ਪਰ ਬਾਅਦ ਵਿੱਚ ਉਸਨੂੰ ਕੀੜ੍ਹਿਆਂ ਨੇ ਖਾਧਾ। ਰਸੂਲਾਂ ਦੇ ਕਰਤੱਬ 12
- ਵਿਸ਼ਵਾਸ ਨਾ ਕਰਨ ਵਾਲੇ ਯਹੂਦੀਆਂ ਨੇ ਇਸਤੀਫ਼ਾਨ ਨੂੰ ਯਰੂਸ਼ਲਮ ਵਿੱਚ ਪਥਰਾਹ ਕਰਕੇ ਮਾਰ ਦਿੱਤਾ ਅਤੇ ਮਸੀਹੀਆਂ ਨੂੰ ਸਤਾਇਆ। ਨਤੀਜੇ ਵਜੋਂ ਉਹ ਖੁਸ਼ਖਬਰੀ ਸੁਣਾਉਂਦੇ, ਬਹੁਤ ਸਾਰੀਆਂ ਜਗ੍ਹਾ ਤੇ ਖਿੰਡ ਗਏ, ਬਹੁਤ ਸਾਰੇ ਲੋਕਾਂ ਲਈ ਇਕ ਬਰਕਤ। ਰਸੂਲਾਂ ਦੇ ਕਰਤੱਬ 7-8
- ਪੌਲੁਸ ਨੇ ਯਹੂਦੀਆਂ ਕੋਲੋਂ ਮਾਰ ਖਾਧੀ ਅਤੇ ਉਸਨੂੰ ਪਥਰਾਹ ਕੀਤਾ ਗਿਆ, ਉਸ ਨੂੰ ਲੁੱਟਿਆ ਗਿਆ, ਉਸਦਾ ਜਹਾਜ਼ ਤਬਾਹ ਹੋ ਗਿਆ (2 ਕੁਰਿੰ. 11:22-33; ਰਸੂਲਾਂ ਦੇ ਕਰਤੱਬ 27-28

*ਸਾਡਾ ਜਵਾਬ :* ਮਸੀਹ ਲਈ ਜਦੋਂ ਤੁਸੀਂ ਦੁੱਖ ਉਠਾਉਂਦੇ ਹੋ ਤਾਂ ਅਨੰਦ ਕਰੋ, ਕਿਉਂਕਿ ਪਰਤਾਪ ਵਿੱਚ ਸਾਡਾ ਇਨਾਮ ਵੱਡਾ ਹੋਵੇਗਾ (1 ਪਤਰਸ 4:12-19)।

- ਅਸੀਂ ਸੰਸਾਰ ਵਿੱਚ ਇਸ ਲਈ ਦੁੱਖ ਉਠਾਉਂਦੇ ਹਾਂ ਕਿ, ਇਹ ਸਾਨੂੰ ਨਫ਼ਰਤ ਕਰਦਾ ਹੈ ਅਤੇ ਇਸਨੇ ਮਸੀਹ ਨੂੰ ਵੀ ਨਫ਼ਰਤ ਕੀਤੀ, ਪਰ ਸਾਨੂੰ ਇਨਾਮ ਪ੍ਰਾਪਤ ਹੋਵੇਗਾ (ਯੂਹੰਨਾ 15:18-27; ਰੋਮੀਆਂ 8:17-39)।
- ਸਲੀਬ ਨੂੰ ਉਠਾਓ, ਜਿਹੜੀ ਯਿਸੂ ਨੇ ਸਾਨੂੰ ਦਿੱਤੀ ਹੈ (ਲੂਕਾ 9:22-26)।

# ਬਾਅਦ ਵਿੱਚ ਹੋਣ ਵਾਲੀਆਂ ਘਟਨਾਵਾਂ ਦੇ ਸਮਾਨ ਇਸਰਾਏਲ ਦੇ ਰਾਜਿਆਂ ਦੇ ਸਮੇਂ ਹੋਣ ਵਾਲੀਆਂ ਘਟਨਾਵਾਂ

**ਪਰਮੇਸ਼ੁਰ ਨੇ ਇਸਰਾਏਲ ਦੇ ਆਗੂਆਂ ਨੂੰ ਤਿਆਰ ਕੀਤਾ** (ਵਿਸ਼ਾ: ਸਮੂਏਲ, ਹੰਨਾਹ, ਏਲੀ, ਸ਼ਾਊਲ ਰਾਜਾ, ਯਸਾਯਾਹ, ਚੇਲਿਆਂ ਦੀ ਤਿਆਰੀ)

*ਪੁਰਾਣਾ ਨੇਮ :* ਪਰਮੇਸ਼ੁਰ ਨੇ ਵੱਖ ਵੱਖ ਢੰਗਾਂ ਨਾਲ ਆਪਣੇ ਨਬੀਆਂ ਅਤੇ ਆਗੂਆਂ ਨੂੰ ਤਿਆਰ ਕੀਤਾ, ਜਿਵੇਂ ਕਿ ਯੂਸੁਫ਼, ਮੂਸਾ, ਦਾਨੀਏਲ:

- ਮੂਸਾ ਨੇ ਆਪਣੇ ਲੋਕਾਂ ਦੀ ਸੇਵਾ ਕਰਨ ਲਈ ਮਹਿਲ ਦੇ ਖ਼ਜ਼ਾਨਿਆਂ ਨੂੰ ਛੱਡਿਆ ਅਤੇ ਸ਼ਰਮਿੰਦਗੀ ਉਠਾਈ (ਇਬ. 11:24-28)
- ਹੰਨਾਹ ਨੇ ਪਰਮੇਸ਼ੁਰ ਦੀ ਸੇਵਾ ਲਈ ਆਪਣੇ ਪੁੱਤਰ ਸਮੂਏਲ ਨੂੰ ਪ੍ਰਧਾਨ ਜਾਜਕ ਏਲੀ ਨੂੰ ਦੇ ਦਿੱਤਾ: ਸਮੂਏਲ ਨੇ ਏਲੀ ਲਈ ਚੌਂਕਾ ਦੇਣ ਵਾਲਾ ਸੰਦੇਸ਼ ਪ੍ਰਾਪਤ ਕੀਤਾ 1 ਸਮੂਏਲ 1-3
- ਇਸਰਾਏਲੀਆਂ ਨੇ ਆਪਣੀ ਅਗਵਾਈ ਕਰਨ ਲਈ ਸਮੂਏਲ ਅੱਗੇ ਰਾਜੇ ਨੂੰ ਮਸਹ ਕਰਨ ਦੀ ਮਿੰਨਤ ਕੀਤੀ ਅਤੇ ਉਸ ਨੇ ਉਨ੍ਹਾਂ ਨੂੰ ਚੇਤਾਵਨੀ ਵੀ ਦਿੱਤੀ ਕਿ ਕੀ ਹੋਵੇਗਾ, ਪਰ ਉਨ੍ਹਾਂ ਜਿੱਦ ਕੀਤੀ, ਇਸ ਲਈ ਉਸਨੇ ਲੋਕਾਂ ਦੀ ਖ਼ੁਸ਼ੀ ਲਈ ਸ਼ਾਊਲ ਨੂੰ ਮਸਹ ਕੀਤਾ ਜਿਹੜਾ ਇਕ ਤਾਕਤਵਰ ਯੋਧਾ ਸੀ 1 ਸਮੂਏਲ 8-10
- ਸ਼ਾਊਲ ਨੇ ਇਸਰਾਏਲ ਦੇ ਦੁਸ਼ਮਣਾਂ ਨੂੰ ਹਰਾਉਂਦਿਆਂ ਵਧੀਆ ਰਾਜ ਕੀਤਾ, ਫਿਰ ਉਸਨੇ ਕੁਝ ਗਲਤੀਆਂ ਕੀਤੀਆਂ 1 ਸਮੂਏਲ 11-15
- ਦਾਊਦ ਨੇ ਮੂਸਾ ਦੀ ਤਰ੍ਹਾਂ ਬਾਲਕ ਦੇ ਰੂਪ ਵਿੱਚ ਆਪਣੇ ਪਿਤਾ ਯੱਸੀ ਦੀਆਂ ਭੇਡਾਂ ਚਰਾ ਕੇ ਚੰਗਾ ਅੱਯਾਲੀ ਬਣਨਾ ਸਿੱਖਿਆ, 1 ਸਮੂਏਲ 16; 1 ਸਮੂਏਲ 17:33-37
- ਦਾਊਦ ਤਾਕਤਵਰ ਯੋਧਾ ਬਣਿਆ, ਪਰ ਸ਼ਾਊਲ ਰਾਜਾ ਨੇ ਉਸ ਨਾਲ ਈਰਖਾ ਕੀਤੀ ਅਤੇ ਉਸ ਨੂੰ ਭੱਜਣ ਅਤੇ ਲੁਕਣ ਲਈ ਮਜ਼ਬੂਰ ਕੀਤਾ। ਪਰਮੇਸ਼ੁਰ ਨੇ ਇਸ ਗੱਲ ਦਾ ਪ੍ਰਯੋਗ ਉਸਨੂੰ ਪਰਮੇਸ਼ੁਰ ਵਿੱਚ ਭਰੋਸਾ ਕਰਨ ਲਈ ਕੀਤਾ (ਉਸ ਦੇ ਸਾਰੇ ਜ਼ਬੂਰ ਇਸ ਗੱਲ ਨੂੰ ਪ੍ਰਦਰਸ਼ਿਤ ਕਰਦੇ ਹਨ), 1 ਸਮੂਏਲ 18-31 ਇਨ੍ਹਾਂ ਅਧਿਆਇਆਂ ਵਿੱਚ ਬਹੁਤ ਸਾਰੀਆਂ ਯੁੱਧ ਦੀਆਂ ਕਹਾਣੀਆਂ ਹਨ।
- ਯਸਾਯਾਹ ਨੇ ਪਰਮੇਸ਼ੁਰ ਦੀ ਹੈਕਲ ਵਿੱਚ ਪ੍ਰਭੂ ਦਾ ਭਿਆਨਕ ਦਰਸ਼ਣ ਵੇਖਿਆ ਅਤੇ ਆਪਣੇ ਆਪ ਨੂੰ ਇੰਨਾ ਪਾਪੀ ਮਹਿਸੂਸ ਕੀਤਾ ਕਿ ਉਹ ਡਿੱਗ ਪਿਆ। ਯਸਾਯਾਹ 6
- ਯਿਰਮੀਯਾਹ ਨੇ ਬਹੁਤ ਦੁੱਖ ਉਠਾਏ ਜਿਸ ਵਿੱਚ ਇਸਦਾ ਟੋਏ ਵਿੱਚ ਸੁੱਟਿਆ ਜਾਣਾ ਵੀ ਸ਼ਾਮਿਲ ਹੈ, ਜਦੋਂ ਉਸਨੇ ਭਵਿੱਖਬਾਣੀ ਕੀਤੀ ਕਿ ਯਰੂਸ਼ਲਮ ਡਿੱਗ ਪਵੇਗਾ । ਯਿਰਮੀਯਾਹ 38

*ਨਵਾਂ ਨਿਯਮ :* ਪਰਮੇਸ਼ੁਰ ਨੇ ਨਵੇਂ ਨੇਮ ਵਿੱਚ ਆਪਣੇ ਆਗੂਆਂ ਨੂੰ ਤਿਆਰ ਕੀਤਾ:

- ਪਤਰਸ ਅਤੇ ਹੋਰ ਗਿਆਰਾਂ ਅਸਲ ਚੇਲਿਆਂ ਨੇ ਆਪਣੇ ਸੁਆਮੀ ਯਿਸੂ ਨਾਲ ਆਉਂਦੇ ਜਾਂਦੇ ਤਿੰਨ ਸਾਲ ਬਿਤਾਏ, ਮਰਕੁਸ 3:13-19
- ਪੌਲੁਸ ਨੇ ਬਹੁਤ ਸਾਰੀਆਂ ਗੱਲਾਂ ਦਾ ਦੁੱਖ ਉਠਾਇਆ, ਅਤੇ ਉਸਨੇ ਆਪਣੀ ਰਸੂਲੀ ਸੇਵਕਾਈ) ਸ਼ੁਰੂ ਕਰਨ ਤੋਂ ਪਹਿਲਾਂ ਅਰਬ ਵਿੱਚ ਸਮਾਂ ਬਿਤਾਇਆ, ਗਲਾ. 1:11-24

*ਸਾਡਾ ਜਵਾਬ :* ਅਸੀਂ ਕੁਰਬਾਨੀਆਂ ਕਰਕੇ ਹੀ, ਪਰਮੇਸ਼ੁਰ ਦੀ ਸਹੀ ਤਰ੍ਹਾਂ ਸੇਵਾ ਕਰਨ ਲਈ ਤਿਆਰ ਹੁੰਦੇ ਹਾਂ:

- ਇਸ ਤਿਆਰੀ ਵਿੱਚ ਪਰਮੇਸ਼ੁਰ ਦੇ ਵਚਨ ਦਾ ਅਧਿਐਨ ਕਰਨਾ, ਜਿਵੇਂ ਤੁਸੀਂ ਹੁਣ ਕਰ ਰਹੇ ਹੋ, ਅਤੇ ਇਸਨੂੰ ਆਪਣੇ ਪਰਿਵਾਰ, ਆਪਣੇ ਲੋਕਾਂ, ਅਤੇ ਨਵੇਂ ਆਗੂਆਂ ਨੂੰ ਸਿਖਾਉਣਾ ਸ਼ਾਮਿਲ ਹੈ (2 ਤਿਮੋਥਿਉਸ 2:2)।

**ਇਸਰਾਏਲ ਦੇ ਚੰਗੇ ਰਾਜੇ** (ਵਿਸ਼ਾ : ਦਾਊਦ ਦਾ ਚੰਗਾ ਰਾਜ, ਸੁਲੇਮਾਨ, ਆਗਿਆਕਾਰ, ਸ਼ਬਾ ਦੀ ਰਾਣੀ, ਇਸਰਾਏਲ ਦੇ ਚੰਗੇ ਰਾਜੇ, ਬਜ਼ੁਰਗ)

*ਪੁਰਾਣਾ ਨੇਮ :* ਪਰਮੇਸ਼ੁਰ ਨੇ ਆਪਣੇ ਲੋਕਾਂ ਉੱਤੇ ਦਾਊਦ ਅਤੇ ਉਸਦੇ ਪੁੱਤਰ ਸੁਲੇਮਾਨ ਵਰਗੇ ਚੰਗੇ ਆਗੂਆਂ ਨੂੰ ਰਾਜ ਕਰਨ ਦਿੱਤਾ , ਜਦੋਂ ਉਹ ਮੂਰਤੀਪੂਜਾ ਤੋਂ ਮੁੜੇ ਅਤੇ ਉਸਦੀ ਆਗਿਆ ਮੰਨੀ, ਅਤੇ ਬੁਰੇ ਰਾਜਿਆਂ ਨੂੰ ਬੇਰਹਿਮੀ ਨਾਲ ਰਾਜ ਕਰਨ ਦਿੱਤਾ, ਜਦੋਂ ਉਨ੍ਹਾਂ ਮੂਰਤੀਆਂ ਦੀ ਅਰਾਧਨਾ ਕੀਤੀ। ਜਿਆਦਾਤਰ ਰਾਜੇ ਬੁਰੇ ਸਨ।

- ਸੁਲੇਮਾਨ ਨੇ ਪਰਮੇਸ਼ੁਰ ਕੋਲੋਂ ਬੁੱਧ ਮੰਗਕੇ ਆਪਣਾ ਰਾਜ ਸ਼ੁਰੂ ਕੀਤਾ। ਉਸਦੇ ਇਸਦੇ ਬੁੱਧੀਮਾਨ ਫੈਸਲੇ ਨੇ ਦੂਰ ਦੂਰ ਦੇ ਲੋਕਾਂ ਨੂੰ ਆਕਰਸ਼ਿਤ ਕੀਤਾ, 1 ਰਾਜਾ 3; 4:21-34
- ਸੁਲੇਮਾਨ ਨੇ ਪਰਮੇਸ਼ੁਰ ਦਾ ਭਵਨ ਬਣਾਇਆ ਅਤੇ ਇਸ ਵਿੱਚ ਨੇਮ ਦੇ ਸੰਦੂਕ ਨੂੰ ਬਹੁਤ ਧੂਮ ਧਾਮ ਨਾਲ ਲੈ ਕੇ ਆਇਆ, 1 ਰਾਜਾ 8
- ਸ਼ਬਾ ਦੀ ਰਾਣੀ ਦੂਰੋਂ ਸੁਲੇਮਾਨ ਦੇ ਪਰਤਾਪ ਨੂੰ ਵੇਖਣ ਲਈ ਆਈ ਅਤੇ ਉਸਦੀ ਬੁੱਧ ਅਤੇ ਧੰਨ ਨੂੰ ਵੇਖ ਕੇ ਹੈਰਾਨ ਰਹਿ ਗਈ, 1 ਰਾਜਾ 10:1-13

- ਇਸਰਾਏਲ ਨੇ ਸੁਲੇਮਾਨ ਦੇ ਰਾਜ ਅਧੀਨ ਬਹੁਤ ਸਾਰੀ ਖੁਸ਼ਹਾਲੀ ਦਾ ਅਨੰਦ ਮਾਣਿਆ, 1 ਰਾਜਾ 10:22-29
- ਯਹੋਸ਼ਾਫ਼ਾਦ ਨੇ ਮੂਰਤੀਆਂ ਨੂੰ ਹਟਾ ਦਿੱਤਾ ਅਤੇ ਸਾਰੇ ਇਸਰਾਏਲ ਨੂੰ ਗੈਰ–ਸੰਸਥਾਪਕ ਅਧਿਐਨ ਨਾਲ ਪਰਮੇਸ਼ੁਰ ਦੀ ਬਿਵਸਥਾ ਸਿਖਾਈ, 2 ਇਤਹਾਸ 17-18
- ਯੋਸੀਯਾਹ ਬਾਲਕ ਰਾਜੇ ਨੇ ਆਪਣੇ ਸਲਾਹਕਾਰਾਂ ਨੂੰ ਸੁਣਿਆ ਅਤੇ ਇਸਰਾਏਲ ਵਿੱਚ ਆਤਮਿਕ ਬਹਾਲੀ ਲਿਆਂਦੀ, 2 ਰਾਜਾ 22-23
- ਹਿਜ਼ਕੀਯਾਹ ਨੇ ਆਸਾ ਅਤੇ ਉੱਜ਼ੀਯਾਹ ਰਾਜੇ ਦੀ ਤਰ੍ਹਾਂ ਯਹੂਦਾਹ ਵਿੱਚ ਬਹਾਲੀ ਲਿਆਂਦੀ, 2 ਇਤਹਾਸ 29-32

ਨਵਾਂ ਨੇਮ : ਪਰਮੇਸ਼ੁਰ ਨੇ ਆਪਣੀਆਂ ਕਲੀਸਿਯਾਵਾਂ ਦੀ ਸੇਵਾ ਲਈ ਚੰਗੇ ਆਗੂ ਦਿੱਤੇ ਜਦੋਂ ਉਨ੍ਹਾਂ ਉਸਦੇ ਵਚਨ ਅਤੇ ਪਵਿੱਤਰ ਆਤਮਾ ਦੀ ਅਗਵਾਈ ਨੂੰ ਮੰਨਿਆ:

- ਪੌਲੁਸ ਨੇ ਆਪਣੇ ਸ਼ਾਗਿਰਦ ਤੀਤੁਸ ਨੂੰ ਕਰੇਤੇ ਦੀਆਂ ਨਵੀਆਂ ਕਲੀਸਿਯਾਵਾਂ ਦੀ ਰਖਵਾਲੀ ਕਰਨ ਲਈ ਸਹੀ ਪ੍ਰਕਾਰ ਦੇ ਬਜ਼ੁਰਗ ਥਾਪਣ ਲਈ ਕਿਹਾ। ਤੀਤੁਸ 1:5-9

ਇਸਰਾਏਲ ਦੇ ਨਬੀ (ਵਿਸ਼ਾ : ਚੇਤਾਵਨੀ, ਏਲੀਯਾਹ, ਆਹਾਬ, ਬਆਲ, ਤੋਬਾ, ਝੂਠੇ ਆਗੂ)

*ਪੁਰਾਣਾ ਨੇਮ :* ਪਰਮੇਸ਼ੁਰ ਨੇ ਬੁਰੇ ਰਾਜਿਆਂ ਨੂੰ ਚੇਤਾਵਨੀ ਦੇਣ ਅਤੇ ਲੋਕਾਂ ਨੂੰ ਤੋਬਾ ਕਰਨ ਲਈ ਆਪਣੇ ਨਬੀ ਭੇਜੇ:

- ਸੁਲੇਮਾਨ ਦੇ ਮੂਰਖ ਪੁੱਤਰ ਰਹੁਬੁਆਮ ਨੇ ਲੋਕਾਂ ਨੂੰ ਕਰ ਤੋਂ ਮੁਕਤ ਕਰਨ ਲਈ ਮਨ੍ਹਾਂ ਕਰ ਦਿੱਤਾ। ਜਿਸਨੇ ਯਾਰਾਬੁਆਮ ਅਤੇ ਉੱਤਰੀ ਗੋਤਰਾਂ ਨੂੰ ਰਾਜ ਨੂੰ ਵੰਡਦਿਆਂ ਵੱਖ ਹੋਣ ਲਈ ਉਕਸਾਇਆ – ਉੱਤਰ ਵਿੱਚ ਇਸਰਾਏਲ ਅਤੇ ਦੱਖਣ ਵਿੱਚ ਯਹੂਦਾਹ, 1 ਰਾਜਾ 12
- ਯਾਰਾਬੁਆਮ, ਉੱਤਰ ਵਿੱਚ ਇਸਰਾਏਲ ਦੇ ਪਹਿਲੇ ਰਾਜੇ ਨੇ ਨਬੀ ਦੀ ਚੇਤਾਵਨੀ ਦੀ ਉਲੰਘਣਾ ਕੀਤੀ ਅਤੇ ਦੁਸ਼ਟ ਮੂਰਤੀਪੂਜਾ ਸ਼ੁਰੂ ਕਰ ਦਿੱਤੀ, 1 ਰਾਜਾ 13
- ਬਹੁਤ ਸਾਰੇ ਰਾਜੇ ਯਾਰਾਬੁਆਮ ਦੀ ਉਦਾਹਰਣ ਪਿੱਛੇ ਚਲਦੇ ਰਹੇ, ਆਹਾਬ ਨੇ ਸਾਰੇ ਇਸਰਾਏਲ ਨੂੰ ਮੂਰਤੀਪੂਜਾ ਕਰਨ ਦੀ ਇਜ਼ਾਜਤ ਦੇ ਦਿੱਤੀ, ਪਰ ਏਲੀਯਾਹ ਨਬੀ ਨੇ ਇਹ ਵਿਖਾਉਣ ਲਈ ਚਮਤਕਾਰ ਕੀਤੇ ਕਿ ਪਰਮੇਸ਼ੁਰ ਜਿੰਦਾ ਹੈ ਅਤੇ ਉਹ ਮਰੀਆਂ ਹੋਈਆਂ ਮੂਰਤੀਆਂ ਨਾਲੋਂ ਜ਼ਿਆਦਾ ਸ਼ਕਤੀਸ਼ਾਲੀ ਹੈ। ਏਲੀਯਾਹ ਨੇ ਵਿਧਵਾ ਦੇ ਪੁੱਤਰ ਨੂੰ ਚੰਗਾ ਕੀਤਾ, 1 ਰਾਜਾ 17
- ਏਲੀਯਾਹ ਨੇ ਬਆਲ ਦੇ ਨਬੀਆਂ ਨੂੰ ਉਸਨੂੰ ਮਿਲਣ ਅਤੇ ਆਹਾਬ ਨੂੰ ਕਰਮਲ ਪਰਬਤ ਤੇ ਲੜਨ ਦੀ ਚੁਣੌਤੀ ਦਿੱਤੀ, 1 ਰਾਜਾ 18
- ਏਲੀਯਾਹ ਇਕੱਲਾ ਮਹਿਸੂਸ ਹੋਣ ਕਰਕੇ ਉਦਾਸ ਹੋ ਗਿਆ ਪਰ ਪਰਮੇਸ਼ੁਰ ਦੇ ਦੂਤਾਂ ਨੇ ਉਸਦੀ ਟਹਿਲ ਕੀਤੀ, 1 ਰਾਜਾ 19
- ਏਲੀਯਾਹ ਨੇ ਸਭ ਤੋਂ ਬੁਰੇ ਰਾਜਾ ਆਹਾਬ ਨੂੰ ਤੋਬਾ ਕਰਨ ਲਈ ਘਾਇਲ ਕੀਤਾ, 1 ਰਾਜਾ 21
- ਆਹਾਬ ਨੇ ਮੀਕਾਯਾਹ ਦੀ ਭਵਿੱਖਬਾਣੀ ਨੂੰ ਦੁਰਕਾਰਿਆ ਅਤੇ ਆਪਣੀ ਭਿਆਨਕ ਮੌਤ ਆਪ ਲਿਆਂਦੀ, 1 ਰਾਜਾ 22
- ਏਲੀਯਾਹ ਨੇ ਦੁਸ਼ਟ ਰਾਜਾ ਅਹਜ਼ਯਾਹ ਦੇ ਰਾਜਦੂਤਾਂ ਤੇ ਸਵਰਗੋਂ ਅੱਗ ਲਿਆਂਦੀ, 2 ਰਾਜਾ 1
- ਏਲੀਯਾਹ ਅੱਗ ਦੀ ਰੁਖ ਵਿੱਚ ਸਵਰਗ ਨੂੰ ਉਤਾਹਾਂ ਉਠਾਇਆ ਗਿਆ। ਪਰ ਪਰਮੇਸ਼ੁਰ ਨੇ ਉਸਦੀ ਸ਼ਕਤੀ ਉਸਦੇ ਸ਼ਾਗਿਰਦ ਅਲੀਸ਼ਾ ਨੂੰ ਦੇ ਦਿੱਤੀ, 2 ਰਾਜਾ 2
- ਅਲੀਸ਼ਾ ਨੇ ਇਸਰਾਏਲ ਦੇ ਰਾਜੇ ਯਹੋਰਾਮ ਨੂੰ, ਮੋਆਬ ਦੀ ਸੈਨਾ ਨੂੰ ਚਮਤਕਾਰੀ ਢੰਗ ਨਾਲ ਹਰਾਉਣ ਦੇ ਯੋਗ ਬਣਾਇਆ। 2 ਰਾਜਾ 3
- ਅਲੀਸ਼ਾ ਨੇ ਪਰਮੇਸ਼ੁਰ ਦੀ ਸ਼ਕਤੀ ਨਾਲ ਗਰੀਬ ਵਿਧਵਾ ਨੂੰ ਕਰਜ਼ ਅਦਾ ਕਰਨ ਦੇ ਯੋਗ ਬਣਾਇਆ, 2 ਰਾਜਾ 4.
- ਅਲੀਸ਼ਾ ਨੇ ਪਰਮੇਸ਼ੁਰ ਦੀ ਸ਼ਕਤੀ ਨਾਲ ਸੈਨਾਪਤੀ ਨਅਮਾਨ ਨੂੰ ਉਸਦੇ ਕੋੜ੍ਹ ਤੋਂ ਸ਼ੁੱਧ ਹੋਣ ਦੇ ਯੋਗ ਬਣਾਇਆ, 2 ਰਾਜਾ 5.
- ਅਲੀਸ਼ਾ ਨੇ ਪਰਮੇਸ਼ੁਰ ਦੀ ਸ਼ਕਤੀ ਨਾਲ ਅਰਾਮੀਆਂ ਦੀ ਸੈਨਾ ਨੂੰ ਹਰਾਇਆ, 2 ਰਾਜਾ 7:24-33; 2 ਰਾਜਾ 8.
- ਯਿਰਮੀਯਾਹ ਨੇ ਯਰੂਸ਼ਲਮ ਦੇ ਡਿੱਗਣ ਅਤੇ ਪਰਮੇਸ਼ੁਰ ਦੇ ਦੰਡ ਬਾਰੇ ਭਵਿੱਖਬਾਣੀ ਕੀਤੀ, ਪਰ ਰਾਜੇ ਨੇ ਸੁਣਨ ਤੋਂ ਇਨਕਾਰ ਕਰ ਦਿੱਤਾ, 2 ਇਤਹਾਸ 36-11-23; ਯਿਰਮੀਯਾਹ 36
- ਰਾਜੇ ਅਤੇ ਲੋਕ ਬੁਰਾਈ ਵਿੱਚ ਹੋਰ ਵੱਧ ਗਏ ਅਤੇ ਯਰੂਸ਼ਲਮ ਅਖੀਰ ਡਿੱਗ ਪਿਆ। ਬਹੁਤ ਸਾਰਿਆਂ ਨੂੰ ਬਾਬਲ ਵਿੱਚ ਗੁਲਾਮ ਬਣਾ ਕੇ ਲੈ ਜਾਇਆ ਗਿਆ, 2 ਇਤਹਾਸ 36
- ਯੂਨਾਹ, ਜੋ ਪਹਿਲਾ ਪ੍ਰਚਾਰਕ ਸੀ, ਨੂੰ ਇਕ ਹੋਰ ਦੇਸ਼ ਵਿੱਚ ਭੇਜਿਆ ਗਿਆ ਅਤੇ ਜਦ ਤੱਕ ਪਰਮੇਸ਼ੁਰ ਨੇ ਉਸਨੂੰ ਆਗਿਆ ਮੰਨਣੀ ਨਹੀਂ ਸਿਖਾਈ, ਉਸਨੇ ਪਰਮੇਸ਼ੁਰ ਦੇ ਹੁਕਮ ਦਾ ਵਿਰੋਧ ਕੀਤਾ। *ਯੂਨਾਹ ਦੀ ਪੁਸਤਕ੪*

**ਨਵਾਂ ਨੇਮ** : ਯਿਸੂ ਨੇ ਸਾਰੇ ਮਨੁੱਖਾਂ ਨੂੰ ਤੋਬਾ ਲਈ ਬੁਲਾਇਆ ਅਤੇ ਬੁਰੇ ਆਗੂਆਂ-ਬਘਿਆੜਾਂ ਨੂੰ ਜਿਹੜੇ ਪਰਮੇਸ਼ੁਰ ਦੇ ਲੋਕਾਂ ਨੂੰ ਗੁਮਰਾਹ ਕਰਦੇ ਹਨ-ਬਾਰੇ ਚੇਤਾਵਨੀ ਦਿੱਤੀ:

- ਯਿਸੂ ਨੇ ਇੱਕ ਪਾਪੀ ਜਦੋਂ ਤੋਬਾ ਕਰਦਾ ਹੈ ਤਾਂ ਉਸ ਵੇਲੇ ਸਵਰਗ ਵਿੱਚ ਹੋਣ ਵਾਲੀ ਖੁਸ਼ੀ ਨੂੰ ਪ੍ਰਗਟ ਕਰਨ ਲਈ ਗੁਆਚੀ ਭੇਡ ਦਾ ਦ੍ਰਿਸ਼ਟਾਂਤ ਦੱਸਿਆ। ਲੂਕਾ 15:1-10
- ਯਿਸੂ ਨੇ ਉਜਾੜੂ ਪੁੱਤਰ ਦੇ ਦ੍ਰਿਸ਼ਟਾਂਤ ਵਿੱਚ ਪਰਮੇਸ਼ੁਰ ਦੀ ਕਿਰਪਾ ਦੀ ਉਦਾਹਰਣ ਦਿੱਤੀ, ਜਿਹੜੀ ਮਨੁੱਖਾਂ ਦੀ ਅਗਵਾਈ ਤੋਬਾ ਵੱਲ ਕਰਦੀ ਹੈ, ਲੂਕਾ 15:11-32
- ਪਤਰਸ ਨੇ ਖੁਸ਼ਖਬਰੀ ਦੀ ਘੋਸ਼ਣਾ ਕੀਤੀ ਅਤੇ ਪੰਤੇਕੁਸਤ ਦੇ ਦਿਨ ਸੁਣਨ ਵਾਲਿਆਂ ਦੇ ਵੱਡੇ ਝੁੰਡ ਨੂੰ ਤੋਬਾ ਲਈ ਬੁਲਾਇਆ, ਰਸੂਲਾਂ ਦੇ ਕਰਤੱਬ 2:1-41
- ਯਿਸੂ ਨੇ ਸਬਤ ਦੇ ਦਿਨ ਇਕ ਅੰਨ੍ਹੇ ਨੂੰ ਸੁਜਾਖਾ ਕੀਤਾ ਅਤੇ ਪਖੰਡੀ ਧਾਰਮਿਕ ਆਗੂ ਨਾਰਾਜ਼ ਹੋ ਗਏ ਕਿਉਂਕਿ ਇਹ ਉਸ ਨੇ ਸਬਤ ਦੇ ਦਿਨ ਕੀਤਾ ਸੀ, ਯੂਹੰਨਾ 9
- ਸੌਲੁਸ ਨੇ ਮਸੀਹੀਆਂ ਨੂੰ ਕੈਦ ਵਿੱਚ ਸੁੱਟ ਦਿੱਤਾ ਅਤੇ ਉਨ੍ਹਾਂ ਨੂੰ ਮਾਰ ਦਿੱਤਾ, ਪਰ ਉਹ ਬਦਲ ਗਿਆ ਅਤੇ ਪੌਲੁਸ ਰਸੂਲ ਬਣ ਗਿਆ, ਰਸੂਲਾਂ ਦੇ ਕਰਤੱਬ 9:1-31
- ਯਿਸੂ ਨੇ ਬਘਿਆੜਾਂ ਖਿਲਾਫ ਚੇਤਾਵਨੀ ਦਿੱਤੀ ਜਿਹੜੇ ਵਿਖਾਵਾ ਕਰਦੇ ਸਨ ਕਿ ਉਹ ਧਰਮੀ ਮਸੀਹੀ ਆਗੂ ਹਨ, ਪਰ ਉਹ ਝੂਠੇ ਸਨ, ਮੱਤੀ 7:15-20
- ਯੂਹੰਨਾ ਬਪਤਿਸਮਾ ਦੇਣ ਵਾਲੇ ਨੇ ਹੇਰੋਦਿਯਾਸ ਨੂੰ ਉਸਦੀ ਹਰਾਮਕਾਰੀ ਬਾਰੇ ਚੇਤਾਵਨੀ ਦਿੱਤੀ। ਹੇਰੋਦਿਯਾਸ ਨੇ ਉਸ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ ਅਤੇ ਫਿਰ ਯੂਹੰਨਾ ਦਾ ਸਿਰ ਵਢਵਾ ਦਿੱਤਾ। ਮੱਤੀ 14
- ਯਿਸੂ ਨੇ ਫ਼ਰੀਸੀਆਂ ਦੇ ਖ਼ਮੀਰ-ਆਤਮ-ਧਾਰਮਿਕਤਾ ਅਤੇ ਮਨੁੱਖਾਂ ਦੇ ਨਿਯਮਾਂ ਵਿਰੁੱਧ ਚੇਤਾਵਨੀ ਦਿੱਤੀ, ਲੂਕਾ 12:1; ਮੱਤੀ 15:1-20
- ਪੌਲੁਸ ਨੇ ਅਫ਼ਸੁਸ ਦੇ ਬਜੁਰਗਾਂ ਵਿਰੁੱਧ ਚੇਤਾਵਨੀ ਦਿੱਤੀ ਕਿ ਬਘਿਆੜ (ਝੂਠੇ ਆਗੂ) ਕਲੀਸਿਯਾਵਾਂ ਵਿੱਚ ਵੰਡ ਪਾਉਣ ਅਤੇ ਇਸਨੂੰ ਭ੍ਰਿਸਟ ਕਰਨ ਦੀ ਕੋਸ਼ਿਸ਼ ਕਰਨਗੇ, ਰਸੂਲਾਂ ਦੇ ਕਰਤੱਬ 20:28-32
- ਯੂਹੰਨਾ ਦੀ ਭਵਿੱਖਬਾਣੀ ਵਿੱਚ ਪਰਮੇਸ਼ੁਰ ਨੇ ਵਿਰੋਧੀਆਂ ਮਸੀਹ ਦੁਆਰਾ ਵਿਸ਼ਵਾਸੀਆ ਦੇ ਨਿਰਦਈ ਸਤਾਓ ਬਾਰੇ ਚੇਤਾਵਨੀ ਦਿੱਤੀ। ਪਰਕਾਸ਼ ਦੀ ਪੋਥੀ, 13
- ਯੂਹੰਨਾ ਦੇ ਦਰਸ਼ਣ ਉਨ੍ਹਾਂ ਭਿਆਨਕ ਨਿਆਂਵਾਂ ਬਾਰੇ ਵੀ ਚੇਤਾਵਨੀ ਦੇਂਦੇ ਹਨ, ਜਿਹੜੇ ਉਨ੍ਹਾਂ ਮਨੁੱਖਾਂ ਤੇ ਆਉਣਗੇ ਜਿਹੜੇ ਤੋਬਾ ਨਹੀਂ ਕਰਦੇ। ਪਰਕਾਸ਼ ਦੀ ਪੋਥੀ 16-18
- ਯੂਹੰਨਾ ਦੇ ਦਰਸ਼ਣ ਉਨ੍ਹਾਂ ਲੋਕਾਂ ਲਈ 'ਵਿਆਹ ਦੀ ਦਾਹਵਤ' ਬਾਰੇ ਵੀ ਵਾਅਦਾ ਦਿੰਦੇ ਹਨ, ਜਿਹੜੇ ਲੋਕ ਤੋਬਾ ਕਰਦੇ ਹਨ। ਪਰਕਾਸ਼ ਦੀ ਪੋਥੀ 19
- ਯੂਹੰਨਾ ਦੇ ਦਰਸ਼ਣ, ਪਰਮੇਸ਼ੁਰ ਦੇ ਵੱਡੇ ਚਿੱਟੇ ਸਿੰਘਾਸਣ ਸਾਹਮਣੇ ਉਨ੍ਹਾਂ ਲੋਕਾਂ ਦੇ ਆਖਰੀ ਨਿਆਂ ਨੂੰ ਪ੍ਰਗਟ ਕਰਦੇ ਹਨ ,ਜਿਨ੍ਹਾਂ ਤੋਬਾ ਨਹੀਂ ਕੀਤੀ। ਪਰਕਾਸ਼ ਦੀ ਪੋਥੀ 20
- ਯੂਹੰਨਾ ਦੇ ਦਰਸ਼ਣ ਉਸ ਨਵੇਂ ਅਕਾਸ਼ ਅਤੇ ਧਰਤੀ ਨੂੰ ਵੀ ਪ੍ਰਗਟ ਕਰਦੇ ਹਨ ਜਿਸ ਵਿੱਚ ਅਸੀਂ ਮਸੀਹ ਨਾਲ ਸਦਾ ਲਈ ਰਹਾਂਗੇ ਅਤੇ ਰਾਜ ਕਰਾਂਗੇ, ਜਿੱਥੇ ਨਾ ਹੰਝੂ, ਨਾ ਸਰਾਪ ਅਤੇ ਨਾ ਕੋਈ ਦੁੱਖ ਹੋਵੇਗਾ। ਪਰਕਾਸ਼ ਦੀ ਪੋਥੀ 21-22

*ਸਾਡਾ ਜਵਾਬ :*

- ਉਸ ਝੁੰਡ ਦੀ ,ਜਿਹੜਾ ਪਰਮੇਸ਼ੁਰ ਨੇ ਸਾਨੂੰ ਰਖਵਾਲੀ ਕਰਨ ਲਈ ਦਿੱਤਾ ਹੈ, ਆਪਣੇ ਪਰਿਵਾਰਾਂ ਤੋਂ ਸ਼ੁਰੂ ਕਰਦਿਆਂ ਦੇਖਭਾਲ ਕਰੋ (ਰਸੂਲਾਂ ਦੇ ਕਰਤੱਬ 20:28-32)।
- ਉਨ੍ਹਾਂ ਵਿਅਕਤੀਆਂ ਨੂੰ ਆਗੂ ਠਹਿਰਾਓ ਜਿਹੜੇ ਜਿੰਮੇਵਾਰ, ਸਿਆਣੇ ਅਤੇ ਜਿਨ੍ਹਾਂ ਆਪਣੀ ਯੋਗਤਾ ਸਾਬਿਤ ਕੀਤੀ ਹੈ। (1 ਤਿਮੋ. 3)।
- ਉਨ੍ਹਾਂ ਤੋਂ ਦੂਰ ਰਹੋ ਜਿਹੜੇ ਵੰਡ ਪਾਉਂਦੇ ਹਨ (ਤੀਤੁਸ 3:10-11)।
- ਸਾਡੀ ਕਲੀਸਿਯਾ ਨੂੰ ਆਮ ਗਲਤੀਆਂ, ਜਿਹੜੀਆਂ ਕਲੀਸਿਯਾਵਾਂ ਨੂੰ ਕਮਜ਼ੋਰ ਕਰਦੀਆਂ ਹਨ, ਨਜ਼ਰ ਅੰਦਾਜ਼ ਕਰਨਾ ਚਾਹੀਦਾ ਹੈ, ਜਿਸ ਦੇ ਬਾਰੇ ਮਸੀਹ ਨੇ ਸਾਨੂੰ ਪਰਕਾਸ਼ ਦੀ ਪੋਥੀ 2-3 ਵਿੱਚ ਚੇਤਾਵਨੀ ਦਿੱਤੀ ਹੈ।
- ਰੋਜ਼ਾਨਾ ਪਵਿੱਤਰ ਆਤਮਾ ਦੀ ਬਹਾਲੀ ਦੀ ਭਾਲ ਕਰੋ (2 ਕੁਰਿੰ. 4:16-18)।
- ਦੁੱਖ ਉਠਾ ਰਹੇ ਵਿਸ਼ਵਾਸੀਆਂ ਨੂੰ ਉਨ੍ਹਾਂ ਦੇ ਸਦੀਪਕ ਇਨਾਮ ਬਾਰੇ ਭਰੋਸਾ ਦਿਓ (1 ਪਤਰਸ 1:6-9; 1 ਯੂਹੰਨਾ 3:1-3)।

**ਲੂਸੀਫਰ** (ਵਿਸ਼ਾ: ਸ਼ੈਤਾਨ ਦਾ ਸਵਰਗੋਂ ਡਿੱਗਣਾ, ਆਤਮਿਕ ਯੁੱਧ, ਸ਼ੈਤਾਨ ਦਾ ਯਿਸੂ ਨੂੰ ਪਰਤਾਉਣਾ, ਸ਼ੈਤਾਨ)

*ਪੁਰਾਣਾ ਨੇਮ:* ਲੂਸੀਫਰ "ਬਾਬਲ ਦਾ ਰਾਜਾ" ਇਕ ਸੋਹਣੇ ਦੂਤ ਨੂੰ ਘਮੰਡ ਆ ਗਿਆ ਅਤੇ ਉਹ ਸਵਰਗੋਂ ਹੇਠਾਂ ਡਿੱਗ ਪਿਆ, ਜਿਹੜਾ ਸਾਡਾ ਦੁਸ਼ਮਣ ਸ਼ੈਤਾਨ ਬਣ ਗਿਆ, ਯਸਾਯਾਹ 14:3-17. ਇਹ ਘਟਨਾਂ ਉਤਪਤ ਦੇ ਸਮੇਂ ਹੋਈ ਪਰ ਰਾਜਾਂ ਦੇ ਵੰਡੇ ਜਾਣ ਸਮੇਂ ਤੱਕ ਇਹ ਪ੍ਰਗਟ ਨਹੀਂ ਕੀਤੀ ਗਈ ਸੀ।

*ਨਵਾਂ ਨੇਮ :* ਸ਼ੈਤਾਨ ਨਿੱਤ ਪਰਮੇਸ਼ੁਰ ਦੇ ਲੋਕਾਂ ਵਿਰੁੱਧ ਲੜਾਈਆਂ ਕਰਦਾ ਹੈ।

- ਸਵਰਗ ਵਿੱਚ ਯੁੱਧ ਕਾਰਨ, ਸ਼ੈਤਾਨ ਅਤੇ ਉਸਦੇ ਨਾਲ ਦੇ ਦੂਤ ਜਿਹੜੇ ਡਿੱਗ ਗਏ ਸਨ, ਜੋ ਉਸ ਦੇ ਨਾਲ ਮਿਲੇ, ਸਵਰਗ ਵਿੱਚੋਂ ਬਾਹਰ ਕੱਢ ਦਿੱਤੇ ਗਏ। ਪਰਕਾਸ਼ ਦੀ ਪੋਥੀ 12:7-9
- ਸ਼ੈਤਾਨ ਯਿਸੂ ਨੂੰ ਪਰਤਾਉਂਦਾ ਹੈ, ਮੱਤੀ 4
- ਯਿਸੂ ਚੇਤਾਵਨੀ ਦੇਂਦਾ ਹੈ ਕਿ ਸ਼ੈਤਾਨ ਸਾਡੇ ਦਿਲਾਂ ਵਿੱਚੋਂ ਪਰਮੇਸ਼ੁਰ ਦੇ ਵਚਨ ਦੇ ਬੀਜ਼ ਨੂੰ ਖੋਹ ਕੇ ਲੈ ਜਾਣ ਲਈ ਆਪਣੀਆਂ ਦੁਸ਼ਟ ਆਤਮਾਵਾਂ ਭੇਜਦਾ ਹੈ, ਮੱਤੀ 13
- ਸ਼ੈਤਾਨ ਨੇ ਯਿਸੂ ਨੂੰ ਯਹੂਦਾ ਕੋਲੋਂ ਫੜਵਾਇਆ, ਯੂਹੰਨਾ 13:21-30; ਯੂਹੰਨਾ 18:1-12
- ਸ਼ੈਤਾਨ ਨੇ ਸਗੋਂ ਵਿਸ਼ਵਾਸ ਕਰਨ ਵਾਲੇ ਵਿਸ਼ਵਾਸੀ ਹਨਾਨਿਯਾ ਅਤੇ ਸਫ਼ੀਰਾ ਕੋਲੋਂ ਪਾਪ ਕਰਵਾਇਆ, ਰਸੂਲਾਂ ਦੇ ਕਰਤੱਬ 5:1-11

*ਸਾਡਾ ਜਵਾਬ :*

- ਸ਼ੈਤਾਨ ਦਾ ਸਾਹਮਣਾ ਕਰੋ, ਉਹ ਤੁਹਾਡੇ ਕੋਲੋਂ ਭੱਜ ਜਾਵੇਗਾ (ਯਾਕੂਬ 4:7)।
- ਸੁਚੇਤ ਹੋਵੋ, ਕਿਉਂਕਿ ਸ਼ੈਤਾਨ ਬੁਕਦੇ ਸ਼ੀਂਹ ਵਾਗੂੰ ਭਾਲਦਾ ਫਿਰਦਾ ਹੈ, ਭਈ ਕਿਸ ਨੂੰ ਪਾੜ ਖਾਵੇ (1 ਪਤਰਸ 5:8-9)।

## ਬਾਅਦ ਵਿੱਚ ਹੋਣ ਵਾਲੀਆਂ ਘਟਨਾਵਾਂ ਦੇ ਸਮਾਨ, ਬਾਬਲ ਵਿੱਚ ਇਸਰਾਏਲ ਦੀ ਗੁਲਾਮੀ ਦੌਰਾਨ ਹੋਣ ਵਾਲੀਆਂ ਘਟਨਾਵਾਂ ਅਤੇ ਬਚੇ ਹੋਇਆਂ ਦੀ ਵਾਪਸੀ

**ਇਸਰਾਏਲ ਦੀ ਬਾਬਲ ਵਿੱਚ ਗੁਲਾਮੀ** (ਵਿਸ਼ਾ: ਮਾਰਦਕਈ, ਦਾਨੀਏਲ, ਵਿਸ਼ਵਾਸੀਆਂ ਦੀ ਸੁਰੱਖਿਅਤਾ, ਯਿਸੂ-ਚੰਗਾ ਚਰਵਾਹਾ)

*ਪੁਰਾਣਾ ਨੇਮ :* ਪਰਮੇਸ਼ੁਰ ਨੇ ਬਚੇ ਹੋਇਆਂ ਦੀ ਜਦੋਂ ਉਹ ਗੁਲਾਮੀ ਵਿੱਚ ਸਨ, ਜਿਨ੍ਹਾਂ ਸਿਰਫ ਪਰਮੇਸ਼ੁਰ ਦੀ ਅਰਾਧਨਾ ਕੀਤੀ ਰੱਖਿਆ ਕੀਤੀ:

- ਮਾਰਦਕਈ ਨੇ ਪਰਮੇਸ਼ੁਰ ਦੇ ਦੁਸ਼ਮਣਾਂ ਦੇ ਨਾਸ਼ ਦੀ ਯੋਜਨਾ ਬਣਾਉਣ ਵਿੱਚ ਆਪਣੀ ਭਤੀਜ਼ੀ, ਬਹਾਦੁਰ ਅਸਤਰ ਰਾਣੀ ਦੀ ਮਦਦ ਕੀਤੀ। ਅਸਤਰ (ਸਾਰੀ ਪੁਸਤਕ)।
- ਪਰਮੇਸ਼ੁਰ ਨੇ ਬਲਦੀ ਭੱਠੀ ਵਿੱਚੋਂ ਦਾਨੀਏਲ ਦੇ ਤਿੰਨ ਮਿੱਤਰਾਂ, ਦਾਨੀਏਲ 3 ਅਧਿਆਏ ਅਤੇ ਦਾਨੀਏਲ ਨੂੰ ਵੀ ਸ਼ੇਰਾਂ ਦੇ ਘੁਰੇ ਵਿੱਚੋਂ ਬਚਾਇਆ, ਦਾਨੀਏਲ 6s

*ਨਵਾਂ ਨੇਮ :* ਯਿਸੂ ਜਿਹੜਾ ਚੰਗਾ ਚਰਵਾਹਾ ਹੈ, ਆਪਣੇ ਚੇਲਿਆਂ ਨੂੰ ਸਦਾ ਆਪਣੇ ਹੱਥਾਂ ਵਿੱਚ ਸੁਰੱਖਿਅਤ ਰੱਖਣ ਦਾ ਵਾਅਦਾ ਕਰਦਾ ਹੈ, ਯੂਹੰਨਾ 10:7-39

*ਸਾਡਾ ਜਵਾਬ :* ਪਰਮੇਸ਼ੁਰ ਦੀ ਅਸੀਮ ਕਿਰਪਾ ਤੇ ਭਰੋਸਾ ਕਰੋ ਕਿ ਉਹ ਆਪਣੇ ਬੱਚਿਆਂ ਨੂੰ ਸਦਾ ਲਈ ਆਪਣੇ ਹੱਥਾਂ ਵਿੱਚ ਰੱਖੇਗਾ, ਰੋਮੀਆਂ 8:28-39

**ਅਜ਼ਰਾ, ਸੁਧਾਰਕ** (ਵਿਸ਼ਾ : ਬਹਾਲੀ, ਬਾਬਲ ਦੀ ਗੁਲਾਮੀ ਤੋਂ ਵਾਪਸੀ, ਨਹਮਯਾਹ, ਆਤਮਿਕ ਵਰਦਾਨ)

*ਪੁਰਾਣਾ ਨੇਮ :* ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਬਹਾਲ ਕਰਨ ਲਈ ਵਫ਼ਾਦਾਰ ਆਗੂ ਦਿੱਤੇ ਅਤੇ ਆਪਣੀ ਸੇਵਾ ਲਈ ਉਨ੍ਹਾਂ ਨੂੰ ਸੰਗਠਤ ਕੀਤਾ:

- ਫਾਰਸ ਦੇ ਪਾਤਸ਼ਾਹ ਕੋਰਸ਼ ਨੇ ਬਾਬਲ ਵਿੱਚ ਗੁਲਾਮਾਂ ਨੂੰ ਭਵਨ ਅਤੇ ਇਸਰਾਏਲ ਦੇਸ਼ ਦੀ ਬਹਾਲੀ ਲਈ ਵਾਪਸ ਜਾਣ ਦਿੱਤਾ, ਅਜ਼ਰਾ 1
- ਯਹੂਦੀ ਲੋਕ ਜਿਹੜੇ ਵਾਪਸ ਆਏ, ਉਨ੍ਹਾਂ ਵੱਡੇ ਅਨੰਦ ਅਤੇ ਹੰਝੂਆਂ ਨਾਲ ਭਵਨ ਨੂੰ ਦੁਬਾਰਾ ਬਣਾਉਣਾ ਸ਼ੁਰੂ ਕੀਤਾ, ਅਜ਼ਰਾ 3
- ਨਹਮਯਾਹ ਨੇ ਯਰੂਸ਼ਲਮ ਨੂੰ ਦੁਬਾਰਾ ਬਣਾਉਣ ਲਈ ਰਾਜਾ ਅਰਤਹਸ਼ਤਾ ਦੀ ਇਜ਼ਾਜਤ ਮੰਗੀ। ਨਹਮਯਾਹ ਵਾਪਸ ਆਇਆ ਅਤੇ ਬਰਬਾਦੀ ਦੀ ਪੜਤਾਲ ਕੀਤੀ, ਨਹਮਯਾਹ 1-2
- ਨਹਮਯਾਹ ਨੇ ਬਹੁਤ ਜਿਆਦਾ ਵਿਰੋਧਤਾ ਵਿੱਚ, ਯਰੂਸ਼ਲਮ ਦੀਆਂ ਕੰਧਾਂ ਨੂੰ ਦੁਬਾਰਾ ਬਣਾਉਣ ਵਿੱਚ ਸ਼ਸਤ੍ਰ -ਸੈਨਾ ਦੀ ਅਗਵਾਈ ਕੀਤੀ, ਨਹਮਯਾਹ 3-4
- ਲੋਕਾਂ ਨੇ ਪਰਮੇਸ਼ੁਰ ਦਾ ਵਚਨ ਸੁਣਿਆ ਅਤੇ ਇਸ ਤੇ ਕੰਨ ਲਾਇਆ, ਆਪਣੇ ਪਾਪਾਂ ਦਾ ਇਕਰਾਰ ਕੀਤਾ ਅਤੇ ਵੱਡੀ ਰਾਸ਼ਟਰੀ ਬਹਾਲੀ ਵਿੱਚ ਤੋਬਾ ਕੀਤੀ। ਅਜ਼ਰਾ 8-9

*ਨਵਾਂ ਨੇਮ :* ਪਰਮੇਸ਼ੁਰ ਸਾਨੂੰ ਆਪਣੀ ਪਵਿੱਤਰ ਆਤਮਾ ਦੀ ਸ਼ਕਤੀ ਨਾਲ ਅਗਵਾਈ ਕਰਨ, ਇਕ ਦੂਜੇ ਦੀ ਸੇਵਾ ਕਰਨ ਅਤੇ ਲੋੜਵੰਦਾਂ ਦੀ ਮਦਦ ਕਰਨ ਲਈ ਵਰਦਾਨ ਦੇਂਦਾ ਹੈ।

- ਯਿਸੂ ਨੇ ਤੋਬਾ ਕੀਤੇ ਹੋਏ ਪਾਪੀਆਂ ਦੇ ਨਾਲ ਬੈਠ ਕੇ ਖਾਧਾ ਅਤੇ ਉਨ੍ਹਾਂ ਉੱਤੇ ਪਰਮੇਸ਼ੁਰ ਦੀ ਕਿਰਪਾ ਕੀਤੀ, ਮਰਕੁਸ 2:13-17
- ਅਸੀਂ ਪਿਆਰ ਵਿੱਚ, ਕਲੀਸਿਯਾ ਦੀ ਦੇਹ ਵਿੱਚ ਦੂਜਿਆਂ ਦੇ ਵਰਦਾਨਾਂ ਨਾਲ ਮਿਲਕੇ ਇਕ ਦੂਜੇ ਦੀ ਸੇਵਾ ਕਰਨ ਲਈ ਆਤਮਿਕ ਵਰਦਾਨਾਂ ਦਾ ਪ੍ਰਯੋਗ ਕਰਦੇ ਹਾਂ। 1 ਕੁਰਿੰ. 12:14-31
- ਪੌਲੁਸ ਨੇ ਆਪਣੇ ਚੇਲਿਆਂ ਨੂੰ ਆਗੂਆਂ ਨੂੰ ਥਾਪਣ ਅਤੇ ਸਿੱਖਿਆ ਦੇਣ, ਅਤੇ ਇਸ ਸਿੱਖਿਆ ਦੀ ਪ੍ਰਕ੍ਰਿਆ ਨੂੰ ਵਧਾਉਣ ਲਈ ਕਿਹਾ। ਤੀਤੁਸ 1:5; 2 ਤਿਮੋਥਿਉਸ 2:2

**ਸਾਡਾ ਜਵਾਬ** : ਪਰਮੇਸ਼ੁਰ ਦਾ ਕੰਮ ਕਰਨ ਲਈ ਨਿਹਚਾ ਨਾਲ ਆਪਣੇ ਲੋਕਾਂ ਦਾ ਸੰਚਾਲਨ ਕਰਨ ਦੀ ਯੋਜਨਾ ਬਣਾਉਣਾ। (ਅਫ਼. 4:11-16)।

- ਨਵੇਂ ਸੇਵਕਾਂ ਨੂੰ ਆਗਿਆ ਦਿਓ ਅਤੇ ਉਨ੍ਹਾਂ ਜਗ੍ਹਾ ਤੇ ਭੇਜੋ ਜਿੱਥੇ ਉਨ੍ਹਾਂ ਦੀ ਸਭ ਤੋਂ ਜ਼ਿਆਦਾ ਲੋੜ ਹੈ ।(ਰਸੂਲਾਂ ਦੇ ਕਰਤੱਬ 13:1-3; ਤੀਤੁਸ 1:5)।

## ਧਰਤੀ ਉੱਤੇ ਯਿਸੂ ਦੇ ਜੀਵਨ ਸਮੇਂ ਹੋਣ ਵਾਲੀਆਂ ਘਟਨਾਵਾਂ

**ਯਿਸੂ ਦਾ ਜੀਵਨ** (ਵਿਸ਼ਾ : ਚੇਲੇ ਚੁਣੇ ਗਏ, ਸ਼ਾਹੀ ਦਾਖਲਾ, ਸਲੀਬ, ਯਿਸੂ ਦਾ ਜੀ ਉੱਠਣਾ, ਯਿਸੂ ਦਾ ਸਵਰਗ ਨੂੰ ਉਠਾਇਆ ਜਾਣਾ)

- ਯਿਸੂ ਦਾ ਜਨਮ : ਮੱਤੀ 1-2; ਲੂਕਾ 2
- ਯਿਸੂ ਦਾ ਬਪਤਿਸਮਾ : ਮੱਤੀ 3
- ਸ਼ੈਤਾਨ ਦੁਆਰਾ ਯਿਸੂ ਦਾ ਪਰਤਾਵਾ : ਮੱਤੀ 4
- ਯਿਸੂ ਨੇ ਬਾਰ੍ਹਾਂ ਚੇਲਿਆਂ ਨੂੰ ਬੁਲਾਇਆ ਜਿਹੜੇ ਬਾਅਦ ਵਿੱਚ ਰਸੂਲ ਬਣੇ: ਮੱਤੀ 4:18-21; 9:9-13; ਯੂਹੰਨਾ 1:35-51; ਮਰਕੁਸ 3:13-19
- ਯਿਸੂ ਦਾ ਰੂਪਾਂਤਰ: ਮੱਤੀ 17
- ਯਿਸੂ ਦਾ ਯਰੂਸ਼ਲਮ ਵਿੱਚ ਸ਼ਾਹੀ ਦਾਖਲਾ (ਖਜ਼ੂਰੀ ਐਤਵਾਰ) :ਮੱਤੀ 21
- ਪਵਿੱਤਰ ਆਤਮਾਂ ਦੀ ਸਮਰੱਥਾ ਵਿੱਚ ਸਾਰੀਆਂ ਕੌਮਾਂ ਨੂੰ ਚੇਲੇ ਬਣਾਉਣ, ਤੋਬਾ ਅਤੇ ਮਾਫ਼ੀ ਦੀ ਘੋਸ਼ਣਾ ਕਰਨ ਲਈ ਯਿਸੂ ਦੀ ਮਹਾਨ ਆਗਿਆ: ਮੱਤੀ 28:18-20; ਮਰਕੁਸ 16:15-16; ਲੂਕਾ 24;46-48; ਯੂਹੰਨਾ 20:21-23; ਰਸੂਲਾਂ ਦੇ ਕਰਤੱਬ 1:8
- ਯਿਸੂ ਦਾ ਸਵਰਗ ਨੂੰ ਉਠਾਇਆ ਜਾਣਾ; ਲੂਕਾ 24:50-53

## ਪਰਤਾਪ ਵਿੱਚ ਯਿਸੂ ਦੇ ਸਵਰਗ ਨੂੰ ਉਠਾਏ ਜਾਣ ਤੋਂ ਬਾਅਦ ਹੋਣ ਵਾਲੀਆਂ ਘਟਨਾਵਾਂ

**ਪਵਿੱਤਰ ਆਤਮਾ ਪੰਤੇਕੁਸਤ ਦੇ ਦਿਨ ਆਇਆ** (ਵਿਸ਼ਾ: ਇਸਤੀਫ਼ਾਨ, ਪੰਤੇਕੁਸਤ, ਕਲੀਸਿਯਾ ਕਾਨਫਰੰਸ, ਪ੍ਰਚਾਰ ਕਰਨ ਵਾਲੇ ਸਮੂਹ, ਨਿਆਂ)

- ਪੰਤੇਕੁਸਤ ਦੇ ਦਿਨ ਯਹੂਦੀ ਵਿਸ਼ਵਾਸੀਆਂ ਤੇ ਪਵਿੱਤਰ ਆਤਮਾ ਆਇਆ: ਰਸੂਲਾਂ ਦੇ ਕਰਤੱਬ 2
- ਮਸੀਹ ਦੇ ਦੁਸ਼ਮਣ ਨੇ ਇਸਤੀਫ਼ਾਨ ਨੂੰ ਪਥਰਾਹ ਕਰਕੇ ਮਾਰ ਸੁੱਟਿਆ ਜਦੋਂ ਉਸ ਨੇ ਪੁਰਾਣੇ ਨੇਮ ਦੇ ਇਤਿਹਾਸ ਵਿੱਚੋਂ ਵਿਖਾਇਆ ਕਿ ਉਨ੍ਹਾਂ ਦੇ ਪਿਉ ਦਾਦਿਆਂ ਨੇ ਸਾਰੇ ਯੁੱਗਾਂ ਵਿੱਚ ਪਰਮੇਸ਼ਰ ਦਾ ਵਿਰੋਧ ਕੀਤਾ ਸੀ। ਰਸੂਲਾਂ ਦੇ ਕਰਤੱਬ 7
- ਪਰਾਈ ਕੌਮ ਦੇ ਲੋਕਾਂ ਦੀ ਪਹਿਲੀ ਕਲੀਸਿਯਾ; ਪਰਾਈਆਂ ਕੌਮਾਂ ਵਿੱਚੋਂ ਬਦਲੇ ਲੋਕਾਂ ਨੇ ਪਵਿੱਤਰ ਆਤਮਾ ਪਾਇਆ: ਰਸੂਲਾਂ ਦੇ ਕਰਤੱਬ 10
- ਪ੍ਰਚਾਰ ਕਰਨ ਵਾਲਾ ਪਹਿਲਾ ਸਮੂਹ: ਰਸੂਲਾਂ ਦੇ ਕਰਤੱਬ 13-14

ਕਲੀਸਿਯਾ ਦਰਮਿਆਨ ਪਹਿਲੀ ਕਾਨਫਰੰਸ:ਰਸੂਲਾਂ ਦੇ ਕਰਤੱਬ 15

- ਆਖਰੀ ਨਿਆਂ: ਪਰਕਾਸ਼ ਦੀ ਪੋਥੀ 20:11-15
- ਯਿਸੂ ਨੇ ਪ੍ਰਭੂ ਅਸ਼ਾਇ ਸ਼ੁਰੂ ਕੀਤੀ: ਮੱਤੀ 26:17-29
- ਗਤਸਮਨੀ ਵਿੱਚ ਯਿਸੂ ਦੀ ਉਦਾਸੀ ਅਤੇ ਉਸਦਾ ਫੜਵਾਇਆ ਜਾਣਾ: ਮੱਤੀ 26:36-56
- ਬਹੁਤ ਸਾਰੇ ਅਹੁਦੇਦਾਰਾਂ ਸਾਹਮਣੇ ਯਿਸੂ ਦੀਆਂ ਪੇਸ਼ੀਆ: ਮਰਕੁਸ 14:55-64; ਯੂਹੰਨਾ 18:28-40; 19:1-16
- ਯਿਸੂ ਦੀ ਸਲੀਬੀ ਮੌਤ : ਮੱਤੀ 27; ਮਰਕੁਸ 15; ਲੂਕਾ 23; ਯੂਹੰਨਾ 19:17-37
- ਯਿਸੂ ਦਾ ਦਫਨਾਇਆ ਜਾਣਾ : ਯੂਹੰਨਾ 19:38-42
- ਯਿਸੂ ਦਾ ਜੀ ਉੱਠਣਾ ਅਤੇ ਪ੍ਰਗਟ ਹੋਣਾ : ਮੱਤੀ 28; ਯੂਹੰਨਾ 20-21

Copyright 2004 © by Paul-Timothy. May be freely copied. Download from www.Paul-Timothy.net